23-AUG-PAGE-1.qxd 8/22/2023 10:28 PM Page 1

ਬੁੱਧਵਾਰ, 23 ਅਗਸਤ, 2023
7 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 82

ਨਵਾਂ ਜ਼ਮਾਨਾ

DAILY NAWAN ZAMANA • WEDNESDAY, 23 AUGUST, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਚੰਦਰਯਾਨ-3 ਦੀ ਲੈਂਡਿੰਗ ਅੱਜ



ਚੰਦਰਯਾਨ ਵੱਲੋਂ 22 ਅਗਸਤ ਨੂੰ ਭੇਜੀਆਂ ਤਸਵੀਰਾਂ।

ਚੇਨੱਈ : ਇਸਰੋ ਦੇ ਵਿਗਿਆਨੀ ਜਿੱਥੇ ਚੰਦਰਯਾਨ-3 ਸਪੇਸਕ੍ਰਾਫਟ ਦੇ ਚੰਨ ਦੀ ਸਤਹਿ 'ਤੇ ਬੁੱਧਵਾਰ ਸਾਫਟ ਲੈਂਡਿੰਗ ਲਈ ਜ਼ੋਰਾਂ-ਸ਼ੋਰਾਂ ਨਾਲ ਤਿਆਰੀਆਂ ਕਰ ਰਹੇ ਹਨ, ਉਥੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਜੇ ਲੈਂਡਰ ਮਡਿਊਲ ਦੇ ਸਿਹਤ ਮਾਪਦੰਡਾਂ 'ਚ ਕੁਝ 'ਗੜਬੜ' ਹੁੰਦੀ ਹੈ ਤਾਂ ਸਾਫਟ ਲੈਂਡਿੰਗ ਦੇ ਅਮਲ ਨੂੰ 27 ਅਗਸਤ ਲਈ ਮੁਲਤਵੀ ਕੀਤਾ ਜਾ ਸਕਦਾ ਹੈ। ਇਸਰੋ ਨੇ ਚੰਦਰਯਾਨ-3 ਸਪੇਸਕ੍ਰਾਫਟ ਦੀ 23 ਅਗਸਤ ਨੂੰ ਭਾਰਤੀ ਸਮੇਂ ਅਨੁਸਾਰ ਸ਼ਾਮੀਂ 6:04 ਵਜੇ ਸਾਫਟ ਲੈਂਡਿੰਗ ਪਲਾਨ ਕੀਤੀ ਹੋਈ ਹੈ। ਮੂਨ ਮਿਸ਼ਨ 14 ਜੁਲਾਈ ਨੂੰ ਸ੍ਰੀਹਰੀਕੋਟਾ ਤੋਂ ਲਾਂਚ ਕੀਤਾ ਗਿਆ ਸੀ। ਇਸਰੋ ਪੁਲਾੜ ਐਪਲੀਕੇਸ਼ਨਜ਼ ਸੈਂਟਰ ਦੇ ਡਾਇਰੈਕਟਰ ਨਿਲੇਸ਼ ਦੇਸਾਈ ਨੇ ਕਿਹਾ ਕਿ ਵਿਗਿਆਨੀਆਂ ਦਾ ਸਾਰਾ ਧਿਆਨ ਇਸ ਵੇਲੇ ਸਪੇਸਕ੍ਰਾਫਟ ਦੀ ਚੰਨ ਦੀ ਸਤਹਿ 'ਤੇ ਰਫਤਾਰ ਨੂੰ ਘਟਾਉਣ 'ਤੇ ਹੈ।

ਕਿਸਾਨਾਂ ਨੂੰ ਰੋਕਣ ਲਈ ਵਿਆਪਕ ਬੰਦੋਬਸਤ

ਚੰਡੀਗੜ੍ਹ : ਹੜ੍ਹਾਂ ਕਰਕੇ ਹੋਏ ਨੁਕਸਾਨ ਦੇ ਮੁਆਵਜ਼ੇ ਸਮੇਤ ਹੋਰਨਾਂ ਮੰਗਾਂ ਨੂੰ ਲੈ ਕੇ 16 ਕਿਸਾਨ ਜਥੇਬੰਦੀਆਂ ਵੱਲੋਂ ਮੰਗਲਵਾਰ ਚੰਡੀਗੜ੍ਹ ਵਿਚ ਰੋਸ ਪ੍ਰਦਰਸ਼ਨ ਨੂੰ ਲੈ ਕੇ ਦਿੱਤੇ ਸੱਦੇ ਦੇ ਮੱਦੇਨਜ਼ਰ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਦੀਆਂ ਅੰਤਰਰਾਜੀ ਸਰਹੱਦਾਂ 'ਤੇ ਸੁਰੱਖਿਆ ਵਧਾ ਦਿੱਤੀ ਗਈ। ਚੰਡੀਗੜ੍ਹ 'ਚ ਸਾਰੇ ਦਾਖਲਾ ਤੇ ਬਾਹਰ ਨਿਕਲਣ ਵਾਲੇ ਰਸਤਿਆਂ 'ਤੇ ਵੱਡੀ ਗਿਣਤੀ 'ਚ ਪੁਲਸ ਮੁਲਾਜ਼ਮ ਤਾਇਨਾਤ ਕਰ ਦਿੱਤੇ ਗਏ, ਤਾਂ ਕਿ ਕਿਸਾਨਾਂ ਨੂੰ ਸ਼ਹਿਰ 'ਚ ਦਾਖਲ ਹੋਣ ਤੋਂ ਰੋਕਿਆ ਜਾ ਸਕੇ। ਇਸੇ ਤਰ੍ਹਾਂ ਅੰਬਾਲਾ ਵਿਚ ਸ਼ੰਭੂ ਵਿਖੇ ਹਰਿਆਣਾ-ਪੰਜਾਬ ਸਰਹੱਦ 'ਤੇ ਵੱਡੀ ਤਾਦਾਦ ਵਿਚ ਪੁਲਸ ਮੁਲਾਜ਼ਮ ਮੌਜੂਦ ਸਨ। ਪੰਜਾਬ ਦੇ ਰਾਜਪੁਰਾ 'ਚ ਦੰਗਾ ਰੋਕੂ ਵਹੀਕਲਾਂ ਤੇ ਸੀ ਸੀ ਟੀ ਵੀ ਵਹੀਕਲ ਦੀ ਤਾਇਨਾਤੀ ਦੇ ਨਾਲ ਬੈਰੀਕੇਡਿੰਗ ਕੀਤੀ ਗਈ ਹੈ। ਅੰਤਰਰਾਜੀ ਸਰਹੱਦਾਂ 'ਤੇ ਕੀਤੀ ਬੈਰੀਕੇਡਿੰਗ ਕਰਕੇ ਵਾਹਨਾਂ ਦੀਆਂ ਲੰਮੀਆਂ ਕਤਾਰਾਂ ਲੱਗ ਗਈਆਂ।

ਕਿਸਾਨਾਂ ਵੱਲੋਂ ਪੰਜਾਬ ਸਣੇ ਉੱਤਰੀ ਖੇਤਰ 'ਚ ਹੜ੍ਹਾਂ ਕਰਕੇ ਹੋਏ ਖਰਾਬੇ ਲਈ ਕੇਂਦਰ ਸਰਕਾਰ ਤੋਂ 50,000 ਕਰੋੜ ਰੁਪਏ ਦੇ ਪੈਕੇਜ ਦੀ ਮੰਗ ਕੀਤੀ ਗਈ ਹੈ। ਇਹੀ ਨਹੀਂ ਕਿਸਾਨਾਂ ਨੇ ਫਸਲਾਂ ਦੇ ਨੁਕਸਾਨ ਦੇ ਮੁਆਵਜ਼ੇ ਵਜੋਂ 50,000 ਪ੍ਰਤੀ ਏਕੜ, ਨੁਕਸਾਨੇ ਘਰ ਲਈ ਪੰਜ ਲੱਖ ਤੇ ਹੜ੍ਹਾਂ ਕਰਕੇ ਮਾਰੇ ਲੋਕਾਂ ਦੇ ਵਾਰਸਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦਿੱਤੇ ਜਾਣ ਦੀ ਵੀ ਮੰਗ ਕੀਤੀ ਹੈ। ਚੇਤੇ ਰਹੇ ਕਿ ਸੋਮਵਾਰ ਸੰਗਰੂਰ ਜ਼ਿਲ੍ਹੇ ਦੇ ਕੁਝ ਕਿਸਾਨ ਆਗੂਆਂ ਨੂੰ ਹਿਰਾਸਤ 'ਚ ਲਏ ਜਾਣ ਖਿਲਾਫ ਧਰਨਾ ਦੇ ਰਹੇ ਕਿਸਾਨਾਂ ਤੇ ਪੁਲਸ ਵਿਚਾਲੇ ਹੋਈ ਝੜਪ ਦੌਰਾਨ ਟਰੈਕਟਰ ਟਰਾਲੀ ਹੇਠ ਆਉਣ ਕਰਕੇ ਇਕ ਕਿਸਾਨ ਦੀ ਮੌਤ ਹو ਗਈ ਸੀ, ਜਦੋਂਕਿ ਪੰਜ ਪੁਲਸ ਮੁਲਾਜ਼ਮ ਜ਼ਖਮੀ ਹੋ ਗਏ ਸਨ।

ਕਿਸਾਨ ਆਗੂਆਂ ਦੀ ਗ੍ਰਿਫਤਾਰੀ ਦੇ ਵਿਰੋਧ ਵਿਚ ਅੰਮ੍ਰਿਤਸਰ ਤੇ ਤਰਨ ਤਾਰਨ ਦੇ ਟੋਲ ਪਲਾਜ਼ਿਆਂ 'ਤੇ ਕਿਸਾਨਾਂ ਦੇ ਧਰਨੇ ਜਾਰੀ ਸਨ।

ਹੜ੍ਹਾਂ ਨਾਲ ਹੋਈ ਤਬਾਹੀ ਦੀ ਭਰਪਾਈ ਲਈ ਸਰਕਾਰ ਸੰਜੀਦਾ ਨਹੀਂ : ਸੀ ਪੀ ਆਈ

■ ਮੋਦੀ ਸਰਕਾਰ ਦਾ ਰਵੱਈਆ ਵੀ ਮੁਜਰਮਾਨਾ

ਚੰਡੀਗੜ੍ਹ : ਲੌਂਗੋਵਾਲ ਵਿਖੇ ਕਿਸਾਨਾਂ 'ਤੇ ਪੰਜਾਬ ਪੁਲਸ ਵੱਲੋਂ ਕੀਤੇ ਗਏ ਲਾਠੀਚਾਰਜ ਦੀ ਪੰਜਾਬ ਸੀ ਪੀ ਆਈ ਨੇ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਉਹ ਹੜ੍ਹਾਂ ਦੁਆਰਾ ਮਚਾਈ ਗਈ ਤਬਾਹੀ ਪ੍ਰਤੀ ਗੈਰ-ਜ਼ਿੰਮੇਵਾਰੀ ਵਾਲਾ ਵਤੀਰਾ ਅਪਣਾ ਰਹੀ ਹੈ।

ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਕਿਸਾਨਾਂ ਦਾ ਪੁਰਅਮਨ ਪ੍ਰਦਰਸ਼ਨ ਕਰਨ ਅਤੇ ਪੰਜਾਬ ਅਤੇ ਕੇਂਦਰ ਸਰਕਾਰ ਵਿਰੁੱਧ ਰੋਸ ਪ੍ਰਗਟ ਕਰਨ ਦਾ ਪੂਰਾ ਸੰਵਿਧਾਨਕ ਹੱਕ ਹੈ। ਚੰਡੀਗੜ੍ਹ ਵਿਖੇ ਧਰਨਾ ਅਤੇ ਰੈਲੀ ਅਯੋਜਿਤ ਕਰਕੇ ਉਹ ਸਰਕਾਰ ਤੱਕ ਮੁਆਵਜ਼ੇ ਦੀ ਮੰਗ ਕਰ ਸਕਦੇ ਹਨ, ਇਸ ਲਈ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕਣਾ, ਗ੍ਰਿਫਤਾਰੀਆਂ ਕਰਨ ਅਤੇ ਲਾਠੀਚਾਰਜ ਕਰਕੇ ਖਦੇੜਨ ਲਈ ਪੰਜਾਬ ਸਰਕਾਰ ਦੀ ਇਕ ਧੱਕੜਸ਼ਾਹ ਗੈਰ-ਕਾਨੂੰਨੀ ਅਤੇ ਗੈਰ-ਸੰਵਿਧਾਨਕ ਕਾਰਵਾਈ ਅਤੀ ਨਿੰਦਣਯੋਗ ਹੈ।

ਸਾਥੀ ਬਰਾੜ ਨੇ ਆਖਿਆ ਕਿ ਪੰਜਾਬ ਦੇ ਅਨੇਕਾਂ ਪਿੰਡਾਂ ਦੀਆਂ ਫਸਲਾਂ ਬਰਬਾਦ ਹੋ ਗਈਆਂ, 70 ਦੇ ਕਰੀਬ ਜਾਨਾਂ ਗਈਆਂ, ਘਰ ਢਹਿ ਗਏ, ਪਸ਼ੂਆਂ ਦੀਆਂ ਜਾਨਾਂ ਗਈਆਂ, ਪਰ ਪੰਜਾਬ ਸਰਕਾਰ ਪੰਚਾਇਤਾਂ ਅਤੇ ਨਗਰ ਨਿਗਮਾਂ ਦੀਆਂ ਚੋਣਾਂ ਦੇ ਐਲਾਨ ਕਰਕੇ ਭੰਗੜੇ ਅਤੇ ਗਿੱਧੇ ਪਵਾ ਰਹੀ ਹੈ।

ਸਾਥੀ ਬਰਾੜ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਝੂਠੀ ਪ੍ਰਚਾਰ ਮੁਹਿੰਮ ਛੱਡ ਕੇ ਮ੍ਰਿਤਕ ਵਿਅਕਤੀਆਂ ਦੇ ਪਰਵਾਰਾਂ ਦੇ ਗੁਜ਼ਾਰੇ ਲਈ ਫੌਰਨ ਹੀ ਲੋੜੀਂਦੀ ਮਾਇਕ ਅਤੇ ਆਰਥਿਕ ਸਹਾਇਤਾ ਪ੍ਰਦਾਨ ਕਰਕੇ, ਫਸਲਾਂ, ਘਰਾਂ ਅਤੇ ਪਸ਼ੂਆਂ ਦੇ ਨੁਕਸਾਨ ਦੀ ਵੀ ਉਚਿਤ ਭਰਪਾਈ ਕਰੇ। ਸਾਥੀ ਬਰਾੜ ਨੇ ਮੋਦੀ ਸਰਕਾਰ ਦੀ ਨਿੰਦਾ ਕਰਦਿਆਂ ਆਖਿਆ ਹੈ ਕਿ ਉਹ ਵੀ ਏਨੀ ਵੱਡੀ ਬਰਬਾਦੀ ਦੇ ਬਾਵਜੂਦ ਚੁੱਪ ਵੱਟੀ ਬੈਠੀ ਹੈ ਅਤੇ ਕੋਈ ਸਹਾਇਤਾ ਨਹੀਂ ਕਰ ਰਹੀ ਹੈ।

ਹਾਈ ਕੋਰਟ ਨੂੰ ਸਾਂਸਦ ਦਾ ਮਾਮਲਾ ਦੁਬਾਰਾ ਵਿਚਾਰਨ ਦੀ ਹਦਾਇਤ

ਨਵੀਂ ਦਿੱਲੀ : ਲਕਸ਼ਦੀਪ ਤੋਂ ਐੱਨ ਸੀ ਪੀ ਦੇ ਲੋਕ ਸਭਾ ਮੈਂਬਰ ਮੁਹੰਮਦ ਫੈਜ਼ਲ 'ਤੇ ਇਕ ਵਾਰ ਫਿਰ ਮੈਂਬਰੀ ਰੱਦ ਹੋਣ ਦੀ ਤਲਵਾਰ ਲਟਕ ਗਈ ਹੈ। ਸੁਪਰੀਮ ਕੋਰਟ ਨੇ ਮੰਗਲਵਾਰ ਇਰਾਦਾ ਕਤਲ ਕੇਸ 'ਚ ਫੈਜ਼ਲ ਦੀ ਸਜ਼ਾ ਮੁਅੱਤਲ ਕੀਤੇ ਜਾਣ ਦੇ ਕੇਰਲਾ ਹਾਈ ਕੋਰਟ ਦੇ ਫੈਸਲੇ ਨੂੰ ਰੱਦ ਕਰਦਿਆਂ ਮਾਮਲੇ ਨੂੰ ਛੇ ਹਫਤਿਆਂ 'ਚ ਨਵੇਂ ਸਿਰੇ ਤੋਂ ਸੁਣਵਾਈ ਲਈ ਹਾਈ ਕੋਰਟ ਵਾਪਸ ਭੇਜ ਦਿੱਤਾ। ਉਂਜ ਜਸਟਿਸ ਬੀ ਵੀ ਨਾਗਰਤਨਾ ਤੇ ਜਸਟਿਸ ਉੱਜਲ ਭੂਯਨ ਨੇ ਸੰਸਦ ਮੈਂਬਰ ਨੂੰ ਅਯੋਗ ਠਹਿਰਾਏ ਜਾਣ ਦੀ ਕਿਸੇ ਵੀ ਸੰਭਾਵਨਾ ਤੋਂ ਸੁਰੱਖਿਆ ਦਿੰਦਿਆਂ ਕਿਹਾ ਕਿ ਅਯੋਗਤਾ ਤੋਂ ਸੁਰੱਖਿਆ ਸੰਬੰਧੀ ਪਿਛਲੇ ਹੁਕਮ ਛੇ ਹਫਤਿਆਂ ਲਈ ਲਾਗੂ ਰਹਿਣਗੇ। ਉਸ ਨੇ ਕਿਹਾ ਕਿ ਇਸ ਕੇਸ 'ਚ ਲੋਕ ਸਭਾ ਮੈਂਬਰ ਦੀ ਸਜ਼ਾ ਮੁਅੱਤਲ ਕਰਨ 'ਚ ਹਾਈ ਕੋਰਟ ਦੀ ਪਹੁੰਚ ਗਲਤ ਸੀ।

ਫਸਲਾਂ ਦੇ ਨੁਕਸਾਨ ਦੀ ਭਰਪਾਈ ਲਈ 186 ਕਰੋੜ ਰੁਪਏ ਜਾਰੀ : ਜਿੰਪਾ

ਚੰਡੀਗੜ੍ਹ (ਗੁਰਜੀਤ ਬਿੱਲਾ)

ਮਾਲ, ਮੁੜ ਵਸੇਬਾ ਤੇ ਆਫਤ ਪ੍ਰਬੰਧਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਜਾਣਕਾਰੀ ਦਿੱਤੀ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹੜ੍ਹਾਂ ਕਾਰਨ ਪ੍ਰਭਾਵਿਤ ਜ਼ਿਲ੍ਹਿਆਂ ਦੇ ਕਿਸਾਨਾਂ ਦੀ ਫਸਲ ਦੇ ਨੁਕਸਾਨ ਦੀ ਭਰਪਾਈ ਲਈ 186 ਕਰੋੜ ਰੁਪਏ ਤੋਂ ਵੀ ਜ਼ਿਆਦਾ ਦੀ ਰਾਸ਼ੀ ਜਾਰੀ ਕਰ ਦਿੱਤੀ ਹੈ। ਉਨ੍ਹਾ ਦੱਸਿਆ ਕਿ ਸੂਬੇ ਦੇ 16 ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਕੁਦਰਤੀ ਆਫਤ ਰਾਹਤ ਫੰਡ ਵਿਚੋਂ ਫਸਲਾਂ ਦੇ ਹੋਏ ਨੁਕਸਾਨ ਦੀ ਰਾਹਤ ਦੇਣ ਲਈ ਅਗੇਤੇ ਫੰਡ ਜਾਰੀ ਕੀਤੇ ਗਏ ਹਨ।

ਜਿੰਪਾ ਨੇ ਦੱਸਿਆ ਕਿ ਜੁਲਾਈ ਅਤੇ ਅਗਸਤ ਮਹੀਨੇ ਵਿਚ ਸੂਬੇ ਦੇ ਕਈ ਇਲਾਕਿਆਂ ਵਿਚ ਹੜ੍ਹਾਂ ਕਾਰਨ ਕਿਸਾਨਾਂ ਦੀ ਫਸਲ ਖਰਾਬ ਹੋਈ ਹੈ। ਸੂਬੇ ਦੇ ਸਾਰੇ ਹੜ੍ਹ ਪ੍ਰਭਾਵਤ ਇਲਾਕਿਆਂ ਵਿਚ ਵਿਸ਼ੇਸ਼ ਗਿਰਦਾਵਰੀ ਕਰਵਾਈ ਗਈ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 15 ਅਗਸਤ ਨੂੰ ਹੜ੍ਹ ਪੀੜਤ ਲੋਕਾਂ ਨਾਲ ਕੀਤਾ ਵਾਅਦਾ ਨਿਭਾਇਆ ਅਤੇ ਮੁਆਵਜ਼ੇ ਦੇ ਚੈੱਕ ਸੌਂਪੇ।

ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਹੜ੍ਹਾਂ ਤੋਂ ਪੀੜਤ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਵਚਨਬੱਧ ਹੈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਕੋਲ ਇਸ ਮਨੋਰਥ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ। ਜਿੰਪਾ ਨੇ ਕਿਹਾ ਕਿ ਕਿਸਾਨਾਂ ਅਤੇ ਬਾਕੀ ਪ੍ਰਭਾਵਤ ਲੋਕਾਂ ਨੂੰ ਰਾਹਤ ਦੇਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਆਫਤ ਪ੍ਰਬੰਧਨ ਮੰਤਰੀ ਨੇ ਦੱਸਿਆ ਕਿ ਹੜ੍ਹਾਂ ਕਾਰਨ ਫਸਲਾਂ ਦੇ ਨੁਕਸਾਨ ਦੀ ਰਾਹਤ ਦੇਣ ਲਈ ਸੰਗਰੂਰ ਜ਼ਿਲ੍ਹੇ ਨੂੰ 26 ਕਰੋੜ 8 ਲੱਖ 34,400 ਰੁਪਏ, ਫਿਰੋਜ਼ਪੁਰ ਜ਼ਿਲ੍ਹੇ ਨੂੰ 22 ਕਰੋੜ 44 ਲੱਖ ਰੁਪਏ, ਤਰਨ ਤਾਰਨ ਨੂੰ 26 ਕਰੋੜ 52 ਲੱਖ ਰੁਪਏ, ਪਟਿਆਲਾ ਨੂੰ 59 ਕਰੋੜ 50 ਲੱਖ ਰੁਪਏ ਅਤੇ ਮਾਨਸਾ ਨੂੰ 12 ਕਰੋੜ 92 ਲੱਖ ਰੁਪਏ ਜਾਰੀ ਕੀਤੇ ਗਏ ਹਨ।

ਇਸੇ ਤਰ੍ਹਾਂ ਅੰਮ੍ਰਿਤਸਰ ਜ਼ਿਲ੍ਹੇ ਨੂੰ 3 ਕਰੋੜ 73 ਲੱਖ 18, 400 ਰੁਪਏ, ਫਾਜ਼ਿਲਕਾ ਨੂੰ 8 ਕਰੋੜ 77 ਲੱਖ 6,400 ਰੁਪਏ, ਗੁਰਦਾਸਪੁਰ ਨੂੰ 5 ਕਰੋੜ 84 ਲੱਖ 80 ਹਜ਼ਾਰ ਰੁਪਏ, ਜਲੰਧਰ ਨੂੰ 2 ਕਰੋੜ 31 ਲੱਖ 26, 800 ਰੁਪਏ, ਲੁਧਿਆਣਾ ਨੂੰ 2 ਕਰੋੜ 31 ਲੱਖ 26, 800, ਮੋਗਾ ਨੂੰ 3 ਕਰੋੜ 99 ਲੱਖ 77,200 ਰੁਪਏ, ਰੂਪਨਗਰ ਨੂੰ 18 ਲੱਖ 45,520 ਰੁਪਏ, ਪਠਾਨਕੋਟ ਨੂੰ 64 ਲੱਖ 60 ਹਜ਼ਾਰ ਰੁਪਏ, ਐੱਸ ਬੀ ਐੱਸ ਨਗਰ ਨੂੰ 1 ਕਰੋੜ 25 ਲੱਖ 52,800 ਰੁਪਏ, ਫਤਹਿਗੜ੍ਹ ਸਾਹਿਬ ਨੂੰ 1 ਕਰੋੜ 59 ਲੱਖ 98,700 ਰੁਪਏ ਅਤੇ ਐੱਸ ਏ ਐੱਸ ਨਗਰ ਨੂੰ 1 ਕਰੋੜ 73 ਲੱਖ 40 ਹਜ਼ਾਰ ਰੁਪਏ ਦੀ ਰਾਸ਼ੀ ਦਿੱਤੀ ਗਈ ਹੈ। ਉਹਨਾ ਦੱਸਿਆ ਕਿ ਇਹ ਕੁੱਲ ਰਾਸ਼ੀ 186 ਕਰੋੜ 12 ਲੱਖ 63,020 ਰੁਪਏ ਬਣਦੀ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਖੁਦ ਹੜ੍ਹ ਪ੍ਰਭਾਵਤ ਇਲਾਕਿਆਂ ਦਾ ਦੌਰਾ ਕਰਕੇ ਜ਼ਮੀਨੀ ਸਥਿਤੀ ਦਾ ਪਤਾ ਲੈਂਦੇ ਰਹੇ ਹਨ

● ਬਾਕੀ ਸਫ਼ਾ 2 'ਤੇ

ਮੱਧ ਪ੍ਰਦੇਸ਼ 'ਚ ਜਾਤ ਅਧਾਰਤ ਜਨਗਣਨਾ ਕਰਾਵਾਂਗੇ : ਖੜਗੇ

ਭੋਪਾਲ : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਮੰਗਲਵਾਰ ਕਿਹਾ ਕਿ ਮੱਧ ਪ੍ਰਦੇਸ਼ ਅਸੈਂਬਲੀ ਚੋਣਾਂ ਜਿੱਤਣ ਮਗਰੋਂ ਉਨ੍ਹਾ ਦੀ ਪਾਰਟੀ ਸੂਬੇ 'ਚ ਜਾਤ ਅਧਾਰਤ ਜਨਗਣਨਾ ਕਰਵਾਏਗੀ। ਖੜਗੇ ਬੁੰਦੇਲਖੰਡ ਖਿੱਤੇ ਵਿਚਲੇ ਸਾਗਰ 'ਚ ਇਕ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਭਾਜਪਾ ਸ਼ਾਸਤ ਰਾਜ 'ਚ ਇਸ ਸਾਲ ਦੇ ਅਖੀਰ 'ਚ ਅਸੰਬਲੀ ਚੋਣਾਂ ਹੋਣੀਆਂ ਹਨ।

ਜਿਓਤੀ ਜਗਤਾਪ ਦੀ ਪਟੀਸ਼ਨ 'ਤੇ ਸੁਣਵਾਈ 21 ਸਤੰਬਰ ਨੂੰ

ਨਵੀਂ ਦਿੱਲੀ : ਸੁਪਰੀਮ ਕੋਰਟ ਐਲਗਾਰ ਪ੍ਰੀਸ਼ਦ-ਮਾਓਵਾਦੀ ਲਿੰਕ ਕੇਸ 'ਚ ਗ੍ਰਿਫਤਾਰ ਕਾਰਕੁਨ ਜਿਓਤੀ ਜਗਤਾਪ ਵੱਲੋਂ ਬੰਬੇ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੰਦੀ ਪਟੀਸ਼ਨ 'ਤੇ 21 ਸਤੰਬਰ ਨੂੰ ਸੁਣਵਾਈ ਕਰੇਗੀ। ਬੰਬੇ ਹਾਈ ਕੋਰਟ ਨੇ ਪਿਛਲੇ ਸਾਲ 17 ਅਕਤੂਬਰ ਨੂੰ ਸੁਣਾਏ ਫੈਸਲੇ ਵਿਚ ਕਾਰਕੁੰਨ ਨੂੰ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੱਤੀ ਸੀ।

ਮਨੁੱਖੀ ਅਧਿਕਾਰਾਂ ਦੀ ਵਕੀਲ ਗ੍ਰਿਫਤਾਰ

ਇਸਲਾਮਾਬਾਦ : ਪਾਕਿਸਤਾਨ ਦੀ ਮਨੁੱਖੀ ਅਧਿਕਾਰਾਂ ਦੀ ਵਕੀਲ ਇਮਾਮ ਜ਼ਨੈਬ ਮਜ਼ਾਰੀ-ਹਾਜ਼ਿਰ ਤੇ ਸਾਬਕਾ ਸਾਂਸਦ ਅਲੀ ਵਜ਼ੀਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਜ਼ਨੈਬ ਨੇ ਇਕ ਦਿਨ ਪਹਿਲਾਂ ਰੈਲੀ ਵਿਚ ਪਾਕਿਸਤਾਨੀ ਫੌਜ ਦੀ ਅਲੋਚਨਾ ਕੀਤੀ ਸੀ। 26 ਸਾਲਾ ਜ਼ਨੈਬ ਦੀ ਮਾਤਾ ਸ਼ੀਰੀ ਮਜ਼ਾਰੀ ਪਾਕਿਸਤਾਨ ਤਹਿਰੀਕ-ਇ-ਇਨਸਾਫ ਦੀ ਆਗੂ ਹੈ ਤੇ ਇਮਰਾਨ ਖਾਨ ਦੀ ਵਜ਼ਾਰਤ ਵਿਚ ਮਨੁੱਖੀ ਅਧਿਕਾਰਾਂ ਦੀ ਮੰਤਰੀ ਰਹਿ ਚੁੱਕੀ ਹੈ।

'ਸਟੂਡੈਂਟ ਪੁਲਸ ਕੈਡਿਟ' ਸਕੀਮ ਦੀ ਸ਼ੁਰੂਆਤ

ਚੰਡੀਗੜ੍ਹ (ਗੁਰਜੀਤ ਬਿੱਲਾ)

ਵਿਦਿਆਰਥੀਆਂ ਨੂੰ ਪੁਲਸ ਦੀ ਕਾਰਜ ਪ੍ਰਣਾਲੀ ਬਾਰੇ ਨੇੜਿਓਂ ਜਾਣਨ ਅਤੇ ਸ਼ਾਸਨ ਤੇ ਸੁਰੱਖਿਆ ਵਿਚ ਸਰਗਰਮ ਭਾਈਵਾਲ ਬਣਾਉਣ ਦਾ ਮੌਕਾ ਪ੍ਰਦਾਨ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਸੂਬੇ 'ਚ 'ਸਟੂਡੈਂਟ ਪੁਲਸ ਕੈਡਿਟ ਸਕੀਮ' ਦੀ ਸ਼ੁਰੂਆਤ ਕੀਤੀ। ਇਸ ਸਕੀਮ ਤਹਿਤ ਪਹਿਲੇ ਪੜਾਅ ਵਿਚ ਸੂਬੇ ਦੇ 280 ਸਰਕਾਰੀ ਸਕੂਲਾਂ ਦੇ 8ਵੀਂ ਜਮਾਤ ਦੇ 11200 ਵਿਦਿਆਰਥੀਆਂ ਦੀ ਚੋਣ ਹੋਈ ਹੈ, ਜਿਨ੍ਹਾਂ ਵੀਡੀਓ ਕਾਨਫਰੰਸਿੰਗ ਜ਼ਰੀਏ ਇਸ ਸਮਾਗਮ ਵਿਚ ਹਿੱਸਾ ਲਿਆ। ਇਸ ਸਕੀਮ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੰਦੇ ਹੋਏ ਮੁੱਖ ਮੰਤਰੀ ਨੇ ਦੱਸਿਆ ਕਿ ਇਸ ਦਾ ਕੋਰਸ ਬਿਊਰੋ ਆਫ ਪੁਲਸ ਰਿਸਰਚ ਐਂਡ ਡਿਵੈੱਲਪਮੈਂਟ ਵੱਲੋਂ ਤਿਆਰ ਕੀਤਾ ਗਿਆ, ਜੋ ਮੌਜੂਦਾ ਵਿਦਿਅਕ ਸਾਲ 2023-24 ਵਿਚ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਦੋ ਸਾਲਾਂ ਵਿ

23-AUG-PAGE-1.qxd 8/22/2023 10:28 PM Page 2

ਟੋਲ ਪਲਾਜ਼ਿਆਂ ਦੀਆਂ ਵਧੀਕੀਆਂ ਵਿਰੁੱਧ ਖਰੜ ਤੇ ਕੁਰਾਲੀ 'ਚ ਧਰਨਾ

ਸਮਰਾਲਾ (ਸੁਰਜੀਤ ਸਿੰਘ)-ਭਾਰਤੀ ਕਿਸਾਨ ਯੂਨੀਅਨ (ਦੋਆਬਾ) ਵੱਲੋਂ ਇੰਦਰਵੀਰ ਕਾਦੀਆਂ ਮਾਲਵਾ ਜ਼ੋਨ ਜ਼ਿਲ੍ਹਾ ਮੀਤ ਪ੍ਰਧਾਨ ਦੀ ਪ੍ਰਧਾਨਗੀ ਹੇਠ ਟੋਲ ਪਲਾਜ਼ਾ ਖਰੜ ਤੇ ਕੁਰਾਲੀ ਟੋਲ ਪਲਾਜ਼ੇ 'ਤੇ ਧਰਨਾ ਲਾਇਆ ਗਿਆ। ਜ਼ਿਲ੍ਹਾ ਪ੍ਰਧਾਨ ਬਲਬੀਰ ਸਿੰਘ ਖੀਰਨੀਆਂ ਨੇ ਦੋਸ਼ ਲਾਇਆ ਕਿ ਟੋਲ ਪਲਾਜਾ ਦੇ ਕ੍ਰਮਚਾਰੀ ਕਿਸਾਨਾਂ ਤੋਂ ਟੋਲ ਵਸੂਲਦੇ ਹਨ ਤੇ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੇ ਹਨ। ਉਨ੍ਹਾਂ ਕਿਹਾ ਕਿ ਟੋਲ ਪਲਾਜ਼ਾ ਦੇ ਕ੍ਰਮਚਾਰੀ ਕਿਸਾਨਾਂ ਨਾਲ ਬਦਸਲੂਕੀ ਕਰਦੇ ਹਨ, ਜਿਸ ਕਾਰਨ ਇਹ ਧਰਨਾ ਲਾਉਣਾ ਪਿਆ। ਉਨ੍ਹਾਂ ਦੱਸਿਆ ਕਿ ਕਿਸਾਨਾਂ ਕੋਲ ਆਈ ਕਾਰਡ ਬਣੇ ਹੋਏ ਹਨ ਤੇ ਉਨ੍ਹਾਂ ਕੋਲੋਂ ਟੋਲ ਨਹੀਂ ਲਿਆ ਜਾਣਾ ਚਾਹੀਦਾ, ਪਰ ਫਿਰ ਵੀ ਇਹ ਇਨ੍ਹਾਂ ਤੋਂ ਟੋਲ ਵਸੂਲਦੇ ਹਨ। ਕਿਸਾਨ ਯੂਨੀਅਨ (ਦੋਆਬਾ) ਵੱਲੋਂ ਮਿਲ ਕੇ ਖਰੜ ਵਾਲੇ ਟੋਲ ਪਲਾਜ਼ੇ 'ਤੇ ਧਰਨਾ ਲਾਇਆ ਗਿਆ। ਇਸ ਦੌਰਾਨ ਇਨ੍ਹਾਂ ਨੇ ਕਿਸਾਨਾਂ ਨਾਲ ਆਪਣੀ ਸਹਿਮਤੀ ਪ੍ਰਗਟਾਈ ਤੇ ਯਕੀਨ ਦੁਆਇਆ ਕਿ ਜਿਹੜੇ ਕਿਸਾਨਾਂ ਕੋਲ ਆਈ ਕਾਰਡ ਹਨ, ਉਨ੍ਹਾਂ ਕੋਲੋਂ ਟੋਲ ਪਲਾਜਾ ਨਹੀਂ ਲਿਆ ਜਾਵੇਗਾ।

ਸ਼ੋਮਣੀ ਕਮੇਟੀ ਦੇ ਜਨਰਲ ਸਕੱਤਰ ਗਰੇਵਾਲ ਦਾ ਵਿਸ਼ੇਸ਼ ਸਨਮਾਨ

ਜਗਰਾਉਂ (ਸੰਜੀਵ ਅਰੋੜਾ)-ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਘੁੰਮਣ ਦੇ ਗ੍ਰਹਿ ਵਿਖੇ ਭਾਈ ਗੁਰਚਰਨ ਸਿੰਘ ਗਰੇਵਾਲ ਜਨਰਲ ਸਕੱਤਰ ਸ਼੍ਰੋਮਣੀ ਪ੍ਰਬੰਧਕ ਕਮੇਟੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਦਾ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਘੁੰਮਣ ਅਤੇ ਸਾਥੀਆਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਭਾਈ ਗਰੇਵਾਲ ਨੇ ਪ੍ਰੈਸ ਕਿਹਾ ਪੰਜਾਬ ਵਿੱਚ ਨਸ਼ਿਆਂ ਦਾ ਕਹਿਰ ਦਿਨੋ ਦਿਨ ਵਧ ਰਿਹਾ ਹੈ, ਜਿਸ ਕਰਕੇ ਨੌਜਵਾਨ ਨਸ਼ਿਆਂ ਦੀ ਦਲਦਲ ਵਿੱਚ ਫ਼ਸ ਕੇ ਆਪਣੀਆਂ ਕੀਮਤੀ ਜਾਨਾਂ ਗਵਾ ਰਹੇ ਹਨ। ਪੰਜਾਬ ਦੇ ਲੋਕਾਂ ਨਾਲ ਆਮ ਆਦਮੀ ਪਾਰਟੀ ਦੇ ਕੌਮੀ ਪ੍ਰਧਾਨ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਸਰਕਾਰ ਆਉਣ 'ਤੇ ਚਾਰ ਹਫ਼ਤਿਆਂ ਵਿੱਚ ਨਸ਼ੇ ਦਾ ਕੋਹੜ ਖਤਮ ਕਰ ਦਿੱਤਾ ਜਾਵੇਗਾ, ਪਰ ਦੁੱਖ ਦੀ ਗੱਲ ਹੈ ਕਿ ਸਰਕਾਰ ਬਣੀ ਨੂੰ ਪੌਣੇ ਦੋ ਸਾਲ ਬੀਤ ਚੁੱਕੇ ਹਨ, ਪਰ ਨਸ਼ੇ ਅੱਗੇ ਨਾਲੋਂ ਵੀ ਵੱਧ ਵਿਕ ਰਹੇ ਹਨ ਅਤੇ ਨੌਜਵਾਨ ਨਸ਼ਿਆਂ ਨਾਲ ਆਪਣੀਆਂ ਕੀਮਤੀ ਜਾਨਾਂ ਗਵਾ ਰਹੇ ਹਨ।

'ਆਪ' ਦੇ ਬਲਜੀਤ ਸਿੰਘ ਚਾਨੀ ਬਣੇ ਨਗਰ ਨਿਗਮ ਦੇ ਮੇਅਰ

ਮੋਗਾ (ਅਮਰਜੀਤ ਬੱਬਰੀ)-ਨਗਰ ਨਿਗਮ ਮੋਗਾ ਦੇ ਮੇਅਰ ਦੀ ਚੋਣ ਹੋਈ, ਜਿਸ ਵਿੱਚ ਆਮ ਆਦਮੀ ਪਾਰਟੀ ਦੇ ਬਲਜੀਤ ਸਿੰਘ ਚਾਨੀ (ਵਾਰਡ ਨੰਬਰ 8) ਨੂੰ ਸਰਬਸੰਮਤੀ ਨਾਲ ਮੇਅਰ ਚੁਣ ਲਿਆ ਗਿਆ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਚੋਣ ਲਈ ਹਾਊਸ ਦੀ ਇਕੱਤਰਤਾ ਹੋਈ, ਜਿਸ ਦੌਰਾਨ ਦਲਜੀਤ ਸਿੰਘ ਮਾਂਗਟ ਡਵੀਜ਼ਨਲ ਕਮਿਸ਼ਨਰ ਫ਼ਿਰੋਜ਼ਪੁਰ ਚੋਣ ਨਿਗਰਾਨ ਵਜੋਂ ਹਾਜ਼ਰ ਸਨ। ਚੋਣ ਮੌਕੇ ਮੋਗਾ ਦੇ ਵਿਧਾਇਕ ਡਾਕਟਰ ਅਮਨਦੀਪ ਕੌਰ ਅਰੋੜਾ, ਨਗਰ ਨਿਗਮ ਕਮਿਸ਼ਨਰ ਸ੍ਰੀਮਤੀ ਪੂਨਮ ਸਿੰਘ ਅਤੇ 42 ਕੌਂਸਲਰ ਵੀ ਹਾਜ਼ਰ ਸਨ। ਮੇਅਰ ਦੇ ਅਹੁਦੇ ਲਈ ਬਲਜੀਤ ਸਿੰਘ ਚਾਨੀ ਦਾ ਨਾਂਅ ਕੌਂਸਲਰ ਪ੍ਰਵੀਨ ਸ਼ਰਮਾ (ਵਾਰਡ ਨੰਬਰ 36) ਨੇ ਪੇਸ਼ ਕੀਤਾ, ਜਿਸ ਨੂੰ ਹਾਊਸ ਦੇ ਕੌਂਸਲਰ ਤੀਰਥ ਰਾਮ (ਵਾਰਡ ਨੰਬਰ 40) ਨੇ ਸਹਿਮਤੀ ਦਿੱਤੀ। ਇਸ ਤੋਂ ਪਹਿਲਾਂ ਹਾਊਸ ਦੀ ਕਾਰਵਾਈ ਸ਼ੁਰੂ ਕਰਦਿਆਂ ਡਵੀਜ਼ਨਲ ਕਮਿਸ਼ਨਰ ਮਾਂਗਟ ਨੇ ਸਾਰੇ ਨਵੇਂ ਚੁਣੇ ਗਏ ਕੌਂਸਲਰਾਂ ਨੂੰ ਚੋਣ ਸੰਬੰਧੀ ਸਾਰੇ ਕਾਨੂੰਨੀ ਅਤੇ ਸੰਵਿਧਾਨ ਪੱਖਾਂ ਬਾਰੇ ਜਾਣਕਾਰੀ ਦਿੱਤੀ। ਹਾਊਸ ਦੀ ਕਾਰਵਾਈ ਚਲਾਉਣ ਲਈ ਸਾਰੇ ਕੌਂਸਲਰਾਂ ਨੇ ਪਹਿਲਾਂ ਕੌਂਸਲਰ ਅਸ਼ੋਕ ਧਮੀਜਾ (ਵਾਰਡ ਨੰਬਰ 12) ਨੂੰ ਸਰਬਸੰਮਤੀ ਨਾਲ ਸਭਾਪਤੀ ਚੁਣਿਆ। ਇਸ ਮੌਕੇ ਵਿਧਾਇਕ ਡਾਕਟਰ ਅਮਨਦੀਪ ਕੌਰ ਅਰੋੜਾ ਨੇ ਜਿੱਥੇ ਨਵੇਂ ਚੁਣੇ ਮੇਅਰ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਲਈ ਦ੍ਰਿੜ ਵਚਨਬੱਧ ਹੈ। ਮੇਅਰ ਚੁਣੇ ਜਾਣ ਤੋਂ ਬਾਅਦ ਬਲਜੀਤ ਸਿੰਘ ਚਾਨੀ ਨੇ ਭਰੋਸਾ ਦਿੱਤਾ ਕਿ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਹੁਣ ਜੰਗੀ ਪੱਧਰ ਉੱਤੇ ਸ਼ੁਰੂ ਕੀਤਾ ਜਾਵੇਗਾ।

ਸਰਕਾਰੀ ਪ੍ਰਾਇਮਰੀ ਸਕੂਲ ਤੂਤ ਦੇ ਵਿਦਿਆਰਥੀ ਤੇ ਅਧਿਆਪਕਾਂ ਦਾ ਪਿੰਡ ਵੱਲੋਂ ਭਰਵਾਂ ਸਵਾਗਤ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਤੂਤ ਦੇ 6 ਵਿਦਿਆਰਥੀ ਸਨਮੀਤ ਕੌਰ, ਅਮਾਨਤਪ੍ਰੀਤ ਕੌਰ, ਜਸਮੀਤ ਕੌਰ, ਹਰਨੂਰ ਕੌਰ, ਸੁਖਮਨਪ੍ਰੀਤ ਕੌਰ ਕਰਨ, ਮਨਿੰਦਰ ਸਿੰਘ ਤੇ ਗਾਈਡ ਅਧਿਆਪਕ ਚਰਨਜੀਤ ਸਿੰਘ ਚਹਿਲ ਨੂੰ ਸਨਮਾਨਤ ਕੀਤਾ ਗਿਆ। ਸਨਮਾਨ ਪ੍ਰਾਪਤ ਕਰ ਜਦੋਂ ਵਿਦਿਆਰਥੀਆਂ ਤੇ ਅਧਿਆਪਕ ਪਿੰਡ ਪਰਤੇ ਤਾਂ ਐੱਸ ਐੱਮ ਸੀ ਕਮੇਟੀ ਅਤੇ ਪਿੰਡ ਵਾਸੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਦਾਨੀ ਸੱਜਣ ਮੇਜਰ ਸਿੰਘ ਵੱਲੋਂ ਇਸ ਖੁਸ਼ੀ ਵਿੱਚ ਸਕੂਲ ਨੂੰ ਪੰਜ ਹਜ਼ਾਰ ਰੁਪਇਆ ਦੇ ਕੇ ਸਨਮਾਨਿਆ।ਸਕੂਲ ਦੀ ਹੈੱਡ ਟੀਚਰ ਪੂਨਮ ਰਾਣੀ ਨੇ ਦੱਸਿਆ ਇਨ੍ਹਾਂ ਵਿਦਿਆਰਥੀਆਂ ਨੇ ਸਕਾਊਟਿੰਗ ਦੇ ਪ੍ਰਾਇਮਰੀ ਸੈਕਸ਼ਨ ਦਾ ਸਰਵਉੱਚ ਪੁਰਸਕਾਰ ਗੋਲਡਨ ਐਵਾਰਡ ਪ੍ਰਾਪਤ ਕੀਤਾ ਹੈ ਤੇ ਦਿੱਲੀ ਵਿਖੇ ਇਨ੍ਹਾਂ ਵਿਦਿਆਰਥੀਆਂ ਨੇ ਇਹ ਐਵਾਰਡ ਨੈਸ਼ਨਲ ਕਮਿਸ਼ਨਰ ਪਾਸੋਂ ਪ੍ਰਾਪਤ ਕੀਤਾ ਹੈ।ਜ਼ਿਲ੍ਹਾ ਸਕੱਤਰ ਸਕਾਊਟ ਸੁਖਵਿੰਦਰ ਸਿੰਘ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸੁਮਨਦੀਪ ਕੌਰ ਨੇ ਬੱਚਿਆਂ ਤੇ ਅਧਿਆਪਕਾਂ ਨੂੰ ਵਧਾਈ ਦਿੱਤੀ।ਇਸ ਮੌਕੇ ਹਰਜੀਤ ਸਿੰਘ ਕਾਲਾ ਚੇਅਰਮੈਨ ਐੱਸ ਐੱਮ ਸੀ ਕਮੇਟੀ, ਜਗਜੀਤ ਸਿੰਘ ਬਾਗ ਸਿੰਘ, ਜਗਸੀਰ ਸਿੰਘ, ਹੌਲਦਾਰ ਅਵਤਾਰ ਸਿੰਘ, ਮਨਜੀਤ ਕੌਰ, ਕੁਲਦੀਪ ਸਿੰਘ ਸਾਧਾਵਾਲਾ, ਗੁਰਮੀਤ ਕੌਰ, ਬਿੰਦਰ ਸਿੰਘ, ਸੰਦੀਪ ਕੌਰ, ਹਰਪ੍ਰੀਤ ਸਿੰਘ, ਕੁਲਵੰਤ ਸਿੰਘ, ਸੁਨੀਲ ਕੁਮਾਰ, ਰੁਪਿੰਦਰ ਕੌਰ, ਰੇਸ਼ਮਾ ਰਾਣੀ, ਰਜਿੰਦਰ ਕੌਰ, ਪ੍ਰਵੀਨ ਕੁਮਾਰੀ ਆਦਿ ਹਾਜ਼ਰ ਸਨ।

ਸਨਮਤੀ ਵਿਮਲ ਜੈਨ ਸਕੂਲ 'ਚ ਵਿਦਿਆਰਥੀ ਇਨਵੈਸਚਰ ਸੈਮੀਨਾਰ

ਜਗਰਾਉਂ (ਸੰਜੀਵ ਅਰੋੜਾ)-ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਵਿਖੇ ਡਾਇਰੈਕਟਰ ਮੈਡਮ ਸ਼ਸ਼ੀ ਜੈਨ ਅਤੇ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਦੀ ਹਾਜ਼ਰੀ ਵਿਚ ਵਿਦਿਆਰਥੀ ਇਨਵੈਸਚਰ ਸੈਮੀਨਾਰ ਕਰਾਇਆ ਗਿਆ। ਸੈਮੀਨਾਰ ਦੌਰਾਨ 28 ਬੱਚਿਆਂ ਲਈ ਕੌਂਸਲਾਂ ਬਣਾਈਆਂ ਗਈਆਂ ਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਕੁਸਲਤਾ ਅਨੁਸਾਰ ਬੈਂਚ ਦਿੱਤੇ ਗਏ। ਇਸ ਵਿੱਚ ਹੈੱਡ ਬੁਆਏ ਮੁਹੰਮਦ ਉਮਰ ਤੇ ਹੈੱਡ ਗਰਲ ਮੁਸਕਾਨ, ਅਸਿਸਟੈਂਟ ਹੈੱਡ ਬੁਆਏ ਜਸਮੀਤ ਸਿੰਘ ਅਤੇ ਅਸਿਸਟੈਂਟ ਹੈੱਡ ਗਰਲ ਕਨਿਸ਼ਕ ਚੁਣੇ ਗਏ। ਇਸ ਤੋਂ ਇਲਾਵਾ ਚਾਰੇ ਸਦਨਾਂ ਦੇ ਕਪਤਾਨ, ਉਪ ਕਪਤਾਨ ਅਤੇ ਪ੍ਰਧਾਨ ਚੁਣੇ ਗਏ। ਇਸ ਵਿੱਚ ਗਲੈਕਸੀ ਹਾਊਸ ਦੇ ਕਪਤਾਨ ਚੇਤਨ ਤੇ ਅੰਜਲੀ, ਰੇਨਬੋ ਹਾਊਸ ਦੇ ਕਪਤਾਨ ਗੌਤਮ ਤੇ ਸਿਮਰਨਜੋਤ ਕੌਰ, ਸ਼ਾਈਨਿੰਗ ਸਟਾਰ ਹਾਊਸ ਦੇ ਕਪਤਾਨ ਕਮਲ ਮਹਿਤੋ ਅਤੇ ਸੁਖਮਨੀ ਤੇ ਵੀਨਸ ਹਾਊਸ ਦੇ ਕਪਤਾਨ ਅਰਸ਼ਪ੍ਰੀਤ ਸਿੰਘ ਤੇ ਮਮਤਾ ਨੂੰ ਚੁਣਿਆ ਗਿਆ। ਡਾਇਰੈਕਟਰ ਮੈਡਮ ਸ਼ਸ਼ੀ ਜੈਨ ਵੱਲੋਂ ਚੁਣੇ ਗਏ ਸਾਰੇ ਕਪਤਾਨਾਂ ਨੂੰ ਸਹੁੰ ਚੁਕਾਈ ਗਈ। ਇਸ ਮੌਕੇ ਗਲੈਕਸੀ ਹਾਊਸ ਦੀ ਇੰਚਾਰਜ ਅਧਿਆਪਕਾ ਰੇਨੂੰ ਮੰਗਲਾਨੀ, ਰੇਨਬੋ ਹਾਊਸ ਦੀ ਇੰਚਾਰਜ ਨਵਜੀਤ ਸ਼ਰਮਾ, ਸ਼ਾਈਨਿੰਗ ਸਟਾਰ ਦੀ ਇੰਚਾਰਜ ਅਨੀਤਾ ਸ਼ਰਮਾ, ਵੀਨਸ ਹਾਊਸ ਦੀ ਇੰਚਾਰਜ ਸਰਬਜੀਤ ਕੌਰ ਅਤੇ ਅਨੁਸ਼ਾਸਨ ਦੇ ਇੰਚਾਰਜ ਨਵਦੀਪ ਬਾਬਾ ਨੇ ਆਪਣੇ-ਆਪਣੇ ਅਹੁਦਿਆਂ ਦਾ ਅਹੁਦਾ ਸੰਭਾਲ ਲਿਆ। ਸਕੂਲ ਦੀ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਣਾ ਨੇ ਸਾਰੇ ਚੁਣੇ ਗਏ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਆਪਣਾ ਕੰਮ ਪੂਰੀ ਲਗਨ ਅਤੇ ਮਿਹਨਤ ਨਾਲ ਕਰਨ ਲਈ ਪ੍ਰੇਰਤ ਕੀਤਾ।

ਨਿਜ਼ਾਮਵਾਲਾ ਦੇ ਸਕੂਲ 'ਚ ਮਨਾਇਆ ਤੀਆਂ ਦਾ ਤਿਉਹਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਬਲਾਕ-2 ਦੇ ਸਰਕਾਰੀ ਹਾਈ/ਪ੍ਰਾਇਮਰੀ ਸਕੂਲ ਨਿਜ਼ਾਮ ਵਾਲਾ ਵਿਖੇ ਸਕੂਲ ਹੈੱਡ ਮਾਸਟਰ ਮਨਦੀਪ ਸਿੰਘ ਘਈ, ਸਕੂਲ ਮੁਖੀ ਪ੍ਰਾਇਮਰੀ ਕਪਿਲ ਦੇਵ ਦੀ ਅਗਵਾਈ 'ਚ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ।ਸਮਾਗਮ ਵਿੱਚ ਦੋਵਾਂ ਸਕੂਲਾਂ ਦੇ ਬੱਚਿਆਂ ਨੇ ਪੰਜਾਬੀ ਸੱਭਿਆਚਾਰ ਤੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਤੇ ਬੱਚਿਆਂ ਨੇ ਪੀਂਘਾਂ ਵੀ ਝੂਟੀਆਂ।ਸਭ ਤੋਂ ਸੋਹਣੀ ਬੁਲਬੁਲ ਦਾ ਖਿਤਾਬ ਪ੍ਰਾਇਮਰੀ ਸਕੂਲ ਦੀ ਤੀਸਰੀ ਜਮਾਤ ਦੀ ਨਵਦੀਪ ਕੌਰ ਤੇ ਸੋਹਣੀ ਮੁਟਿਆਰ ਦਾ ਖਿਤਾਬ ਨੌਵੀਂ ਜਮਾਤ ਦੀ ਰੀਆ ਨੇ ਜਿੱਤਿਆ।ਪੰਜਾਬੀ ਸੱਭਿਆਚਾਰ ਤੇ ਕੁਇੱਜ਼ ਕਰਵਾਇਆ ਗਿਆ। ਸਕੂਲ ਮੁੱਖੀ ਮਨਦੀਪ ਸਿੰਘ ਘਈ ਨੇ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਨੂੰ ਅਪਣਾਉਣ ਦਾ ਸੁਨੇਹਾ ਦਿੱਤਾ। ਇਸ ਮੌਕੇ ਹੈੱਡ ਟੀਚਰ ਸਪਸ ਨਿਜ਼ਾਮ ਵਾਲਾ ਕਪਿਲ ਦੇਵ ਨੇ ਕਿਹਾ ਕਿ ਸਕੂਲ ਵਿੱਚ ਪੰਜਾਬ ਦੇ ਅਮੀਰ ਸੱਭਿਆਚਾਰਕ ਨੂੰ ਜਿਉਂਦਾ ਰੱਖਣ ਲਈ ਤੀਆਂ ਦਾ ਤਿਉਹਾਰ ਮਨਾਇਆ ਗਿਆ ਹੈ।ਇਸ ਮੌਕੇ ਵਿਦਿਆਰਥਣਾਂ ਨੇ ਗਿੱਧਾ, ਕਿੱਕਲੀ ਪੀਂਘਾਂ ਝੂਟਣ ਤੋਂ ਇਲਾਵਾ ਸੱਭਿਆਚਾਰਕ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ।

ਬਾਬਾ ਨੰਦ ਸਿੰਘ ਦੀ ਬਰਸੀ ਸੰਬੰਧੀ ਸਮਾਗਮ 25 ਤੋਂ

ਨਾਨਕਸਰ (ਇਕਬਾਲ ਸਿੰਘ ਫੇਰੂਰਾਈਂ)-ਭਗਤੀ ਤੇ ਸ਼ਕਤੀ ਦੇ ਕੇਂਦਰ ਨਾਨਕਸਰ ਕਲੇਰਾਂ ਵਿਖੇ ਨਾਨਕਸਰ ਸੰਪਰਦਾਇ ਦੇ ਬਾਨੀ ਧੰਨ ਧੰਨ ਬਾਬਾ ਨੰਦ ਸਿੰਘ ਜੀ ਦੀ 80ਵੀਂ ਬਰਸੀ ਨੂੰ ਸਮਰਪਤ ਭਗਤੀ ਤੇ ਸ਼ਕਤੀ ਦੇ ਮੁੱਖ ਅਸਥਾਨ ਨਾਨਕਸਰ ਕਲੇਰਾਂ ਵਿਖੇ 25 ਅਗਸਤ ਤੋਂ ਸਮਾਗਮ ਆਰੰਭ ਹੋਣਗੇ। ਇਹ ਸਮਾਗਮ ਨਾਨਕਸਰ ਸੰਪਰਦਾਇ ਦੇ ਮੌਜੂਦਾ ਮਹਾਂਪੁਰਖ ਸੰਤ ਬਾਬਾ ਗੁਰਚਰਨ ਸਿੰਘ, ਸੰਤ ਬਾਬਾ ਗੁਰਜੀਤ ਸਿੰਘ, ਸੰਤ ਬਾਬਾ ਘਾਲਾ ਸਿੰਘ, ਸੰਤ ਬਾਬਾ ਲੱਖਾ ਸਿੰਘ ਮੁਖੀ ਨਾਨਕਸਰ ਕਲੇਰਾਂ ਵਾਲਿਆਂ ਦੀ ਦੇਖ ਰੇਖ ਹੇਠ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਭਾਈ ਲਖਵਿੰਦਰ ਸਿੰਘ ਦਿੱਲੀ, ਭਾਈ ਹਰਬੰਸ ਸਿੰਘ ਨਾਨਕਸਰ, ਭਾਈ ਧਰਮਿੰਦਰ ਸਿੰਘ ਨੇ ਦਿੰਦਿਆਂ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼੍ਰੀ ਅਖੰਡ ਪਾਠਾਂ ਦੀ ਪਹਿਲੀ ਲੜੀ 25 ਅਗਸਤ ਸਵੇਰੇ 11 ਵਜੇ ਅਰੰਭ ਹੋਵੇਗੀ, ਜਿਨਾਂ ਦੇ ਭੋਗ 27 ਅਗਸਤ ਨੂੰ ਪੈਣ ਉਪਰੰਤ ਦੂਸਰੀ ਲੜੀ ਦੇ ਸ੍ਰੀ ਅਖੰਡ ਪਾਠਾਂ ਦੀ ਦੂਜੀ ਲੜੀ ਆਰੰਭ ਹੋਵੇਗੀ ਤੇ 28 ਅਗਸਤ ਨੂੰ ਸਵੇਰੇ 10 ਵਜੇ ਨਗਰ ਕੀਰਤਨ ਸਜਾਇਆ ਜਾਵੇਗਾ ਤੇ 29 ਅਗਸਤ ਨੂੰ ਸ੍ਰੀ ਅਖੰਡ ਪਾਠਾਂ ਦੇ ਭੋਗ ਪੈਣ ਉਪਰੰਤ ਰੈਣ ਸਬਾਈ ਕੀਰਤਨ ਸਮਾਗਮ ਹੋਣਗੇ। ਉਨ੍ਹਾਂ ਦੱਸਿਆ ਕਿ ਬਰਸੀ ਮਨਾਉਣ ਦੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ।

ਸਿਹਤ ਸਹਾਇਤਾ ਯੋਜਨਾ ਬਾਰੇ ਫੈਕਟਰੀ ਵਰਕਰਾਂ ਨੂੰ ਕਰਾਇਆ ਜਾਣੂ

ਇਸ ਯੋਜਨਾ ਤਹਿਤ ਇਲਾਜ ਬਿਲਕੁਲ ਮੁਫਤ ਕੀਤਾ ਜਾਂਦਾ ਹੈ : ਡਾ. ਬਾਂਸਲ

ਮੋਗਾ (ਅਮਰਜੀਤ ਬੱਬਰੀ)-ਇੱਥੇ ਖੋਸਾ ਪਾਂਡੋ ਜ਼ੀਰਾ ਰੋਡ ਮੋਗਾ ਸਥਿਤ ਉੱਘੀ ਮਸਾਲਾ ਫੈਕਟਰੀ ਪਾਰਸ ਸਪਾਈਸਿਜ਼ ਵਿੱਚ ਕੰਮ ਕਰਦੇ ਕਿਰਤੀਆਂ ਦੀ ਭਾਰਤੀਯ ਮਜ਼ਦੂਰ ਸੰਘ ਨਾਲ ਸਬੰਧਤ ਪਾਰਸ ਸਪਾਈਸਿਜ਼ ਵਰਕਰਜ਼ ਯੂਨੀਅਨ ਦੇ ਪਲੇਟਫਾਰਮ 'ਤੇ ਸਰਕਾਰ ਵੱਲੋਂ ਜਾਰੀ ਕੀਤੀ ਗਈ ਸਿਹਤ ਸਹਾਇਤਾ ਯੋਜਨਾ ਬਾਬਤ ਜਾਗ੍ਰਿਤ ਕਰਨ ਲਈ ਮੋਗਾ ਦੇ ਗਰਗ ਮਲਟੀਸਪੈਸ਼ਲਿਟੀ ਹਸਪਤਾਲ ਤੇ ਟਰੋਮਾ ਸੈਂਟਰ ਵੱਲੋਂ ਡਾਕਟਰ ਮੋਹਿਤ ਬਾਂਸਲ ਦੀ ਅਗਵਾਈ ਵਿੱਚ ਇੱਕ ਸੈਮੀਨਾਰ ਕੀਤਾ ਗਿਆ। ਇਸ ਸੈਮੀਨਾਰ ਵਿੱਚ ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਇਸ ਤੋਂ ਇਲਾਵਾ ਕੇਵਲ ਸਿੰਘ ਸਾਬਕਾ ਮੈਂਬਰ ਪਾਰਲੀਮੈਂਟ, ਮਿੱਡ ਡੇ ਮੀਲ ਕੁੱਕ ਯੂਨੀਅਨ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਖਜ਼ਾਨਚੀ ਸਤਨਾਮ ਸਿੰਘ ਤੇ ਸਕੂਲ ਬੱਸ ਡਰਾਈਵਰ ਯੂਨੀਅਨ ਦੇ ਪ੍ਰਧਾਨ ਰਜਿੰਦਰ ਸਿੰਘ ਕਾਲਾ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ। ਇਸ ਮੌਕੇ ਸਿਹਤ ਸਹਾਇਤਾ ਯੋਜਨਾ ਬਾਬਤ ਜਾਣਕਾਰੀ ਦਿੰਦਿਆਂ ਡਾਕਟਰ ਮੋਹਿਤ ਬਾਂਸਲ ਨੇ ਕਿਹਾ ਕਿ ਇਹ ਯੋਜਨਾ ਮੁੱਖ ਤੌਰ 'ਤੇ ਅਨੁਸੂਚਿਤ ਜ

23-Aug-PAGE- 3 qxd.qxd 8/22/2023 10:34 PM Page 1

ਮਜ਼ਦੂਰ ਜਥੇਬੰਦੀਆਂ ਨੂੰ ਚੰਡੀਗੜ੍ਹ ਬੁਲਾ ਕੇ ਮੀਟਿੰਗ ਨਾ ਕਰਨ ਤੋਂ ਖਫਾ ਮਜ਼ਦੂਰਾਂ ਵੱਲੋਂ ਤਿੱਖੇ ਸੰਘਰਸ਼ ਦੀ ਚਿਤਾਵਨੀ

* ਕਿਸਾਨਾਂ 'ਤੇ ਅੰਨ੍ਹਾ ਲਾਠੀਚਾਰਜ ਤੇ ਇੱਕ ਕਿਸਾਨ ਨੂੰ ਸ਼ਹੀਦ ਕਰਨ ਦੀ ਕੀਤੀ ਨਿੰਦਾ

ਚੰਡੀਗੜ੍ਹ (ਨ ਜ਼ ਸ)—ਪੇਂਡੂ ਤੇ ਖੇਤ ਮਜਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੂਬਾਈ ਆਗੂਆਂ ਨੂੰ ਅੱਜ ਪੰਜਾਬ ਸਰਕਾਰ ਦੇ ਤਿੰਨ ਮੰਤਰੀਆਂ 'ਤੇ ਅਧਾਰਿਤ ਸਬ ਕਮੇਟੀ ਵੱਲੋਂ ਮੀਟਿੰਗ ਲਈ ਚੰਡੀਗੜ੍ਹ ਵਿਖੇ ਪੰਜਾਬ ਊਰਜਾ ਵਿਕਾਸ ਏਜੰਸੀ ਦੇ ਦਫਤਰ ਬੁਲਾ ਕੇ ਬਿਨਾਂ ਸੂਚਨਾ ਮੀਟਿੰਗ ਰੱਦ ਕਰਨ ਸਦਕਾ ਮਜ਼ਦੂਰ ਜਥੇਬੰਦੀਆਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸਾਂਝੇ ਮਜ਼ਦੂਰ ਮੋਰਚੇ ਦੇ ਆਗੂਆਂ ਨੇ ਭਗਵੰਤ ਮਾਨ ਸਰਕਾਰ ਉੱਪਰ ਮਜ਼ਦੂਰ ਵਰਗ ਨਾਲ ਜਮਾਤੀ ਤੇ ਜਾਤਪਾਤੀ ਵਿਤਕਰੇਬਾਜ਼ੀ ਦੇ ਦੋਸ਼ ਲਾਉਂਦਿਆਂ ਆਖਿਆ ਕਿ ਇਸ ਤੋਂ ਪਹਿਲਾਂ ਵੀ ਮੁੱਖ ਮੰਤਰੀ ਤੇ ਮੰਤਰੀਆਂ ਦੀ ਕਮੇਟੀ ਸਾਂਝੇ ਮੋਰਚੇ ਨਾਲ ਲਿਖਤੀ ਮੀਟਿੰਗਾਂ ਤਹਿ ਕਰਕੇ ਮੀਟਿੰਗ ਕਰਨ ਤੋਂ ਮੁੱਕਰ ਚੁੱਕੀ ਹੈ। ਇਸ ਮੌਕੇ ਹਾਜ਼ਰ ਸਾਂਝੇ ਮੋਰਚੇ ਦੇ ਆਗੂਆਂ ਜ਼ੋਰਾ ਸਿੰਘ ਨਸਰਾਲੀ, ਤਰਸੇਮ ਪੀਟਰ, ਗੁਲਜ਼ਾਰ ਗੰਗੀਆ, ਬਲਦੇਵ ਸਿੰਘ ਨੂਰਪੁਰੀ, ਬਿੱਕਰ ਸਿੰਘ ਹਥੋਆ, ਮੱਖਣ ਸਿੰਘ ਰਾਮਗੜ੍ਹ, ਪ੍ਰਗਟ ਸਿੰਘ ਕਾਲਾਝਾੜ, ਦੇਵੀ ਕੁਮਾਰੀ, ਲਛਮਣ ਸਿੰਘ ਸੇਵੇਵਾਲਾ, ਕਸ਼ਮੀਰ ਸਿੰਘ ਘੁੱਗਸ਼ੋਰ ਤੇ ਧਰਮਪਾਲ ਸਿੰਘ ਨੂਰਖੇੜੀ ਨੇ ਆਖਿਆ ਕਿ ਬਦਲਾਅ ਦਾ ਝਾਂਸਾ ਦੇ ਕੇ ਸਤਾ 'ਚ ਆਈ ਆਪ ਸਰਕਾਰ ਵੱਲੋਂ ਮਜ਼ਦੂਰ ਵਰਗ ਨੂੰ ਪੂਰੀ ਤਰ੍ਹਾਂ ਵਿਸਾਰ ਦਿੱਤਾ ਗਿਆ ਹੈ ਅਤੇ 5 ਅਪ੍ਰੈਲ ਤੇ 22 ਨਵੰਬਰ ਨੂੰ ਮੰਤਰੀਆਂ ਨਾਲ ਹੋਈਆਂ ਮੀਟਿੰਗਾਂ 'ਚ ਲਏ ਗਏ ਫੈਸਲਿਆਂ ਨੂੰ

ਲਾਗੂ ਕਰਨ ਦੀ ਥਾਂ ਉਲਟਾ ਮਜ਼ਦੂਰਾਂ ਤੇ ਮਜ਼ਦੂਰ ਆਗੂਆਂ ਦੀ ਹੱਕੀ ਆਵਾਜ਼ ਦਾ ਗਲਾ ਘੁੱਟਣ ਲਈ ਜਾਬਰ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਆਪ ਆਖਿਆ ਕਿ ਆਪ ਸਰਕਾਰ ਦੇ ਮੰਤਰੀਆਂ ਵੱਲੋਂ ਮੀਟਿੰਗਾਂ ਸਮੇਂ ਮਜ਼ਦੂਰ ਕਿਸਾਨ ਆਗੂਆਂ ਉਤੇ ਅੰਦੋਲਨਾਂ ਦੌਰਾਨ ਬਣੇ ਕੇਸ ਵਾਪਸ ਲੈਣ, ਕੱਟੇ ਪਲਾਟਾਂ ਦੇ ਮਜ਼ਦੂਰਾਂ ਨੂੰ ਕਬਜ਼ੇ ਦੇਣ, ਪੰਚਾਇਤੀ ਜ਼ਮੀਨਾਂ ਦੀਆਂ ਡੰਮੀ ਬੋਲੀਆਂ ਰੱਦ ਕਰਨ ਸਬੰਧੀ ਬਣਾਈ ਪੜਤਾਲੀਆ ਕਮੇਟੀ ਦੀ ਰਿਪੋਰਟ ਆਉਣ ਤੋਂ ਪਹਿਲਾਂ ਹੀ ਪਟਿਆਲਾ ਜ਼ਿਲ੍ਹੇ ਦੇ ਪਿੰਡ ਮੰਡੌਰ ਦੀ ਡੰਮੀ ਬੋਲੀ ਦਾ ਉੱਚ ਜਾਤੀ ਲੋਕਾਂ ਨੂੰ ਕਬਜ਼ਾ ਦਿਵਾਉਣ ਲਈ ਪੁਲਸ ਵੱਲੋਂ ਮਜ਼ਦੂਰ ਮਰਦ ਔਰਤਾਂ ਉੱਤੇ ਖਿਲਾਫ ਕਾਰਵਾਈ ਕਰਨ ਅਤੇ ਜਾਤਪਾਤੀ ਧੱਕੇ ਵਿਤਕਰੇ ਦੇ ਪੀੜਤ ਮਜ਼ਦੂਰਾਂ ਨੂੰ ਕਾਨੂੰਨੀ ਤੌਰ ਤੇ ਬਣਦਾ ਮੁਆਵਜ਼ਾ ਦੇਣ ਵਰਗੀਆਂ ਮੰਗਾਂ ਪ੍ਰਵਾਨ ਕਰਨ ਦੇ ਬਾਵਜੂਦ ਇਨ੍ਹਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਦੋਸ਼ ਲਾਇਆ ਕਿ ਐੱਸਸੀ ਭਾਈਚਾਰੇ ਲਈ ਰਿਜ਼ਰਵ ਪੰਚਾਇਤੀ ਜ਼ਮੀਨਾਂ ਦੀਆਂ ਡੰਮੀ ਬੋਲੀਆਂ ਰੱਦ ਕਰਨ ਸਬੰਧੀ ਬਣਾਈ ਪੜਤਾਲੀਆ ਕਮੇਟੀ ਦੀ ਰਿਪੋਰਟ ਆਉਣ ਤੋਂ ਪਹਿਲਾਂ ਹੀ ਪਟਿਆਲਾ ਜ਼ਿਲ੍ਹੇ ਦੇ ਪਿੰਡ ਮੰਡੌਰ ਦੀ ਡੰਮੀ ਬੋਲੀ ਦਾ ਉੱਚ ਜਾਤੀ ਲੋਕਾਂ ਨੂੰ ਕਬਜ਼ਾ ਦਿਵਾਉਣ ਲਈ ਪੁਲਸ ਵੱਲੋਂ ਮਜ਼ਦੂਰ ਮਰਦ ਔਰਤਾਂ ਉੱਤੇ ਅੰਨ੍ਹਾ ਲਾਠੀਚਾਰਜ ਕੀਤਾ ਗਿਆ ਅਤੇ ਵੱਡੀ ਗਿਣਤੀ ਮਜ਼ਦੂਰ ਆਗੂਆਂ ਨੂੰ ਕੇਸ ਪਾ ਕੇ ਜੇਲ੍ਹ 'ਚ ਡੱਕ ਦਿੱਤਾ ਗਿਆ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਮਜ਼ਦੂਰ ਆਗੂਆਂ ਖਿਲਾਫ ਪਹਿਲਾਂ ਦਰਜ ਕੇਸ ਵਾਪਸ ਲੈਣ ਦੀ ਥਾਂ ਉਨ੍ਹਾਂ ਦੇ ਚਲਾਨ ਵੀ ਅਦਾਲਤਾਂ 'ਚ ਪੇਸ਼ ਕਰ ਦਿੱਤੇ ਗਏ। ਮਜ਼ਦੂਰ ਆਗੂ ਕਸ਼ਮੀਰ ਸਿੰਘ ਗਦਾਈਆਂ ਉੱਪਰ ਹਮਲਾ ਕਰਨ ਵਾਲਿਆਂ ਖਿਲਾਫ ਕਾਰਵਾਈ ਕਰਨ ਦੀ ਮੰਗ ਪ੍ਰਵਾਨ ਕਰਨ ਦੇ ਬਾਵਜੂਦ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਐਲਾਨ ਕੀਤਾ ਕਿ ਜੇਕਰ ਹੁਣ ਵੀ ਸਾਂਝੇ ਮਜ਼ਦੂਰ ਮੋਰਚੇ ਨਾਲ ਤਹਿ ਕੀਤੀ 28 ਅਗਸਤ ਦੀ ਮੀਟਿੰਗ ਦੌਰਾਨ ਮਜ਼ਦੂਰ ਮੰਗਾਂ ਦਾ ਠੋਸ ਨਿਪਟਾਰਾ ਨਾ ਕੀਤਾ ਗਿਆ ਜਾਂ ਮੀਟਿੰਗ ਰੱਦ ਕੀਤੀ ਗਈ ਤਾਂ ਮਜ਼ਦੂਰ ਜਥੇਬੰਦੀਆਂ ਵੱਲੋਂ ਤੁਰੰਤ ਐਮਰਜੈਂਸੀ ਮੀਟਿੰਗ ਕਰਕੇ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਸਾਂਝੇ ਮਜ਼ਦੂਰ ਮੋਰਚੇ ਦੇ ਆਗੂਆਂ ਨੇ ਕਿਸਾਨ ਜਥੇਬੰਦੀਆਂ ਦੇ ਚੰਡੀਗੜ੍ਹ ਵਿਖੇ ਲਾਏ ਜਾਣ ਵਾਲੇ ਧਰਨੇ ਨੂੰ ਸਾਥੋਤਾਜ ਕਰਨ ਲਈ ਪਾਬੰਦੀ ਲਾਉਣ, ਗ੍ਰਿਫਤਾਰੀਆਂ ਕਰਨ ਅਤੇ ਲੌਂਗੋਵਾਲ ਵਿਖੇ ਇੱਕ ਕਿਸਾਨ ਨੂੰ ਸ਼ਹੀਦ ਕਰਨ ਦੀ ਸਖਤ ਨਿੰਦਾ ਕਰਦਿਆਂ ਕਿਸਾਨ ਦੀ ਸਹਾਦਤ ਲਈ ਆਪ ਸਰਕਾਰ ਨੂੰ ਦੋਸ਼ੀ ਕਰਾਰ ਦਿੱਤਾ ਅਤੇ ਕਿਸਾਨਾਂ ਸਮੇਤ ਸਭਨਾਂ ਲੋਕਾਂ ਦਾ ਸੰਘਰਸ਼ ਕਰਨ ਦਾ ਜਮਹੂਰੀ ਹੱਕ ਬਹਾਲ ਕਰਨ ਦੀ ਮੰਗ ਕੀਤੀ ਹੈ।

ਕਿਸਾਨ ਆਗੂਆਂ ਨੂੰ ਤੁਰੰਤ ਰਿਹਾਅ ਨਾ ਕੀਤਾ ਤਾਂ ਸੰਘਰਸ਼ ਹੋਰ ਤਿੱਖਾ ਕਰਾਂਗੇ : ਬੰਡਾਲਾ

ਮਾਨਾਂਵਾਲਾ (ਮਨਦੀਪ ਸਿੰਘ ਜੰਮੂ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਆਗੂ ਜਰਮਨਜੀਤ ਸਿੰਘ ਬੰਡਾਲਾ ਦੀ ਅਗਵਾਈ ਹੇਠ ਟੋਲ ਪਲਾਜ਼ਾ ਮਾਨਾਂਵਾਲਾ ਬੰਦ ਕਰ ਕੇ ਆਮ ਲੋਕਾਂ ਲਈ ਫ੍ਰੀ ਕੀਤਾ ਗਿਆ।

ਚੰਡੀਗੜ੍ਹ ਮੋਰਚੇ ਤੋਂ ਡਰੀ ਪੰਜਾਬ ਸਰਕਾਰ ਵੱਲੋਂ ਦਿੱਤੇ ਨਿਰਦੇਸ਼ਾਂ 'ਤੇ ਪੰਜਾਬ ਪੁਲਸ ਵੱਲੋਂ ਕਿਸਾਨ ਆਗੂਆਂ ਨੂੰ ਜਬਰੀ ਘਰੋਂ ਚੁੱਕਿਆ ਗਿਆ ਜਿਸਦੇ ਵਿਰੋਧ ਵਜੋਂ ਮਾਨਾਂਵਾਲਾ ਟੋਲ ਪਲਾਜ਼ਾ ਬੰਦ ਕੀਤਾ ਗਿਆ ਤੇ ਕਿਸਾਨ ਆਗੂਆਂ ਵੱਲੋਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਕਿ ਜੇਕਰ ਪੰਜਾਬ ਸਰਕਾਰ ਘਰੋਂ ਜਬਰੀ ਚੁੱਕੇ ਕਿਸਾਨ ਆਗੂਆਂ ਨੂੰ ਤੁਰੰਤ ਰਿਹਾਅ ਨਹੀਂ ਕਰਦੀ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਸਾਨ ਆਗੂਆਂ ਨੇ ਦੱਸਿਆ ਕਿ ਪੰਜਾਬ, ਹਰਿਆਣਾ ਵਿੱਚ ਹੜ੍ਹਾਂ ਕਾਰਨ ਹੋਏ ਨੁਕਸਾਨ ਦੇ ਮੁਆਵਜ਼ੇ ਲਈ 21 ਅਗਸਤ ਨੂੰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਤੇ 6 ਸੂਬਿਆਂ ਦੀਆਂ, 16 ਜੱਥੇਬੰਦੀਆਂ ਵੱਲੋਂ ਚੰਡੀਗੜ੍ਹ ਮੋਰਚੇ ਦਾ ਪ੍ਰੋਗਰਾਮ ਸੀ ਜਿਸ ਤੋਂ ਘਬਰਾਈ ਪੰਜਾਬ ਦੀ ਮਾਨ ਸਰਕਾਰ ਵੱਲੋਂ ਪੁਲਸ ਨੂੰ ਆਦੇਸ਼ ਜਾਰੀ ਕਰਕੇ ਕਿਸਾਨ ਆਗੂਆਂ ਨੂੰ ਘਰਾਂ ਵਿੱਚੋਂ ਜਬਰੀ ਚੁੱਕਿਆ ਗਿਆ। ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਆਪਣੀਆਂ ਨਾਕਾਮੀਆਂ ਦੂਰ ਕਰਨ ਦੀ ਬਜਾਏ ਉਨ੍ਹਾਂ 'ਤੇ ਪਰਦਾ ਪਾਉਣਾ ਚਾਹੁੰਦੀ ਹੈ ਪਰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਆਮ ਲੋਕਾਂ ਨੂੰ ਸਰਕਾਰ ਤੋਂ ਬਣਦਾ ਹੱਕ ਦਿਵਾ ਕੇ ਰਹੇਗੀ। ਇਸ ਮੌਕੇ ਜਸਪਾਲ ਸਿੰਘ ਨਵਾਂ ਕੋਟ, ਹਰਜੀਤ ਸਿੰਘ ਨਵਾਂ ਕੋਟ, ਰਾਜਬੀਰ ਸਿੰਘ, ਸੁਖਜਿੰਦਰ ਸਿੰਘ, ਬਲਵਿੰਦਰ ਸਿੰਘ, ਹੀਰਾ ਸਿੰਘ, ਸੁਖਵੰਤ ਸਿੰਘ, ਯੋਗਰਾਜ ਸਿੰਘ ਨਵਾਂ ਕੋਟ, ਲਖਬੀਰ ਸਿੰਘ ਨਵਾਂ ਕੋਟ, ਬਲਵਿੰਦਰ ਸਿੰਘ ਰੁਮਾਣਾ ਚੱਕ, ਹਰਮੀਤ ਸਿੰਘ ਧੀਰੇਕੋਟ, ਸਤਨਾਮ ਸਿੰਘ ਧਾਰੜ, ਬਲਦੇਵ ਸਿੰਘ ਭੰਗੂ, ਚਰਨਜੀਤ ਸਿੰਘ ਸਫੀਪੁਰ, ਪਰਗਟ ਸਿੰਘ ਗੁੰਨੋਵਾਲ, ਰੇਸ਼ਮ ਸਿੰਘ ਅਤੇ ਦਲਜੀਤ ਸਿੰਘ ਖਾਲਸਾ ਆਦਿ ਹਾਜ਼ਰ ਸਨ।

ਕਿਸਾਨ ਆਗੂਆਂ ਦੀਆਂ ਗ੍ਰਿਫਤਾਰੀਆਂ ਦੀ ਪੁਰਜ਼ੋਰ ਨਿਖੇਧੀ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਮੱਖਣ ਸਿੰਘ ਕੋਹਾੜ, ਸੁਖਦੇਵ ਸਿੰਘ ਭਾਗੋਕਾਵਾਂ, ਤਰਲੋਕ ਸਿੰਘ ਬਹਿਰਾਮਪੁਰ, ਰਾਜ ਗੁਰਵਿੰਦਰ ਸਿੰਘ ਲਾਡੀ ਘੁੰਮਣ, ਗੁਰਵਿੰਦਰ ਸਿੰਘ ਜੀਵਨ ਚੱਕ, ਬਲਵਿੰਦਰ ਸਿੰਘ ਰਾਜੂ ਔਲਖ, ਬਲਬੀਰ ਸਿੰਘ ਕੱਤੋਵਾਲ, ਸੁਰਿੰਦਰ ਸਿੰਘ ਕੋਠੇ, ਲਖਵਿੰਦਰ ਸਿੰਘ ਮਰੜ ਆਦਿ ਆਗੂਆਂ ਨੇ ਸਾਂਝੇ ਬਿਆਨ ਵਿੱਚ 22 ਅਗਸਤ ਦੇ ਚੰਡੀਗੜ੍ਹ ਵਿਖੇ ਕੀਤੇ ਜਾ ਰਹੇ ਮੁਜ਼ਾਹਰੇ ਦੇ ਮੰਦੇਨਜ਼ਰ ਕਿਸਾਨ ਆਗੂਆਂ ਦੀਆਂ ਕੀਤੀਆਂ ਗਈਆਂ ਗ੍ਰਿਫਤਾਰੀਆਂ ਦੀ ਪੁਰਜ਼ੋਰ ਨਿਖੇਧੀ ਕੀਤੀ ਹੈ। ਆਗੂਆਂ ਨੇ ਕਿਹਾ ਕਿ ਮਾਨ ਸਰਕਾਰ ਨੂੰ ਭੁਲੇਖਾ ਹੈ ਕਿ ਉਹ ਆਗੂਆਂ ਨੂੰ ਗ੍ਰਿਫਤਾਰ ਕਰਕੇ ਜਥੇਬੰਦੀਆਂ ਨੂੰ ਮੁਜ਼ਾਹਰੇ ਕਰਨ ਤੋਂ ਰੋਕ ਸਕਦੀ ਹੈ। ਇਹ ਰਾਹ ਅਕਾਲੀ ਅਤੇ ਕਾਂਗਰਸ ਨੇ ਵੀ ਅਪਣਾਇਆ ਸੀ। ਆਗੂਆਂ ਨੇ ਕਿਹਾ ਕਿ ਮਾਨ ਸਰਕਾਰ ਕਿਸਾਨਾਂ ਦੀਆਂ ਮੰਗਾਂ ਮੰਨੇ ਅਤੇ ਦਮਨਕਾਰੀ ਨੀਤੀ ਨੂੰ ਤਿਆਗੇ। ਗ੍ਰਿਫਤਾਰੀਆਂ ਅਤੇ ਰਸਤੇ ਰੋਕਣ ਦਾ ਰਾਹ ਮੋਦੀ ਸਰਕਾਰ ਨੂੰ ਮਾਫੀ ਮੰਗ ਕੇ ਛੱਡਣਾ ਪਿਆ ਸੀ ਅਤੇ ਕਾਲੇ ਕਾਨੂੰਨ ਰੱਦ ਕੀਤੇ ਸਨ। ਮਾਨ ਸਰਕਾਰ ਕਿਸਾਨਾਂ ਦੀਆਂ ਮੰਗਾਂ ਦਾ ਹੱਲ ਕਰੇ ਨਹੀਂ ਤਾਂ ਗੰਭੀਰ ਸਿੱਟੇ ਭੁਗਤਣੇ ਪੈਣਗੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਹਰਜੀਤ ਸਿੰਘ ਕਾਹਲੋਂ, ਅਸ਼ਵਨੀ ਕੁਮਾਰ ਲਖਨਕਲਾਂ, ਸਤਬੀਰ ਸਿੰਘ ਸੁਲਤਾਨੀ, ਦਲਬੀਰ ਸਿੰਘ ਜੀਵਨ ਚੱਕ, ਜਗੀਰ ਸਿੰਘ ਭੰਬੋਈ, ਦਲੀਪ ਸਿੰਘ ਲੰਬੜਦਾਰ, ਮੱਖਣ ਸਿੰਘ ਤਿੱਬੜ, ਚੰਨਣ ਸਿੰਘ ਦੋਰਾਂਗਲਾ, ਜਗੀਰ ਸਿੰਘ ਸਲ੍ਹਾਚ, ਬਲਬੀਰ ਸਿੰਘ ਉੱਚਾਧਕਾਲਾ ਆਦਿ ਵੀ ਹਾਜ਼ ਸਨ।

ਅਕਸ਼ਤਾ ਸ਼ਰਮਾ ਤੇ ਪ੍ਰਾਚੀ ਦੀ ਅੰਤਰ ਜ਼ਿਲ੍ਹਾ ਕ੍ਰਿਕਟ ਟੀ-20 ਟੂਰਨਾਮੈਂਟ ਲਈ ਚੋਣ

ਬਟਾਲਾ (ਡਾ. ਮਲਵਿੰਦਰ ਸਿੰਘ)—ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ 23 ਤੋਂ 26 ਅਗਸਤ ਤੱਕ ਜਲੰਧਰ ਵਿਖੇ ਅੰਤਰ ਜ਼ਿਲ੍ਹਾ ਕ੍ਰਿਕਟ ਟੀ-20 ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਇਸ ਮੁਕਾਬਲੇ ਵਿੱਚ ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੀ ਪਲੱਸ ਟੂ ਦੀ ਵਿਦਿਆਰਥਣ ਅਕਸ਼ਤਾ ਸ਼ਰਮਾ ਅਤੇ ਨੌਵੀਂ ਜਮਾਤ ਦੀ ਪ੍ਰਾਚੀ ਨੂੰ ਗੁਰਦਾਸਪੁਰ ਜ਼ਿਲ੍ਹਾ ਮਹਿਲਾ ਸੀਨੀਅਰ ਕ੍ਰਿਕਟ ਟੀਮ ਲਈ ਚੁਣਿਆ ਗਿਆ। ਸਕੂਲ ਦੇ ਪ੍ਰਧਾਨ ਅਰਵਿੰਦ ਖੋਸਲਾ, ਪ੍ਰਧਾਨ ਅਜੈ ਖੋਸਲਾ ਅਤੇ ਪ੍ਰਿੰਸੀਪਲ ਡਾ: ਬਿੰਦੂ ਭੱਲਾ ਨੇ ਚੁਣੀਆਂ ਗਈਆਂ ਵਿਦਿਆਰਥਣਾਂ, ਉਨ੍ਹਾਂ ਦੇ ਮਾਤਾ-ਪਿਤਾ ਅਤੇ ਉਨ੍ਹਾਂ ਦੇ ਕੋਚ ਨੂੰ ਤਹਿ ਦਿਲੋਂ ਵਧਾਈ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਵਧ-ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਆ ਕਿਉਂਕਿ ਖੇਡਾਂ ਬੱਚੇ ਦੇ ਸਰੀਰਕ ਤੇ ਮਾਨਸਿਕ ਵਿਕਾਸ ਲਈ ਬਹੁਤ ਜ਼ਰੂਰੀ ਹੁੰਦੀਆਂ ਹਨ। ਖੇਡਾਂ ਸਾਡੇ ਸਰੀਰ ਨੂੰ ਅਰੋਗ ਤੇ ਰਿਸ਼ਟ-ਪੁਸ਼ਟ ਰੱਖਦੀਆਂ ਹਨ। ਖੇਡਣ ਨਾਲ ਸਰੀਰ ਦਾ ਲਹੂ ਚੱਕਰ ਤੇਜ਼ ਹੁੰਦਾ ਹੈ। ਖੇਡਾਂ ਬਿਮਾਰੀਆਂ ਨਾਲ ਲੜਨ ਦੀ ਸਮਰਥਾ ਪੈਦਾ ਕਰਦੀਆਂ ਹਨ। ਖੇਡਾਂ ਵਿਦਿਆਰਥੀਆਂ ਨੂੰ ਆਸ਼ਾਵਾਦੀ ਬਣਨ ਵਿੱਚ ਸਹਾਇਕ ਹੁੰਦੀਆਂ ਹਨ। ਇਸ ਲਈ ਹਰ ਬੱਚੇ ਨੂੰ ਵੱਧ-ਚੜ੍ਹ ਕੇ ਖੇਡਾਂ ਵਿੱਚ ਭਾਗ ਲੈਣਾ ਚਾਹੀਦਾ ਹੈ। ਚੰਗੇ ਖਿਡਾਰੀ ਬਣ ਕੇ ਬੱਚੇ ਚੰਗੇ ਨਾਗਰਿਕ ਬਣਨ ਵਿੱਚ ਸਫਲ ਹੋ ਸਕਦੇ ਹਨ।

ਖੇਡਾਂ ਦੇ ਖੇਤਰ 'ਚ ਪੰਜਾਬ ਇੱਕ ਵਾਰ ਫਿਰ ਮੋਹਰੀ ਸੂਬਾ ਬਣੇਗਾ: ਪੰਨੂੰ

ਬਟਾਲਾ, (ਡਾ. ਮਲਵਿੰਦਰ ਸਿੰਘ)-ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ ਅਤੇ ਸੂਬੇ ਅੰਦਰ ਖੇਡ ਸੱਭਿਆਚਾਰ ਪਫੁੱਲਿਤ ਕੀਤਾ ਜਾ ਰਿਹਾ ਹੈ। ਇਹ ਪ੍ਰਗਟਾਵਾ ਬਲਬੀਰ ਸਿੰਘ ਪਨੂੰ ਚੇਅਰਮੈਨ ਪਨਸਪ ਪੰਜਾਬ ਅਤੇ ਹਲਕਾ ਇੰਚਾਰਜ 'ਆਪ' ਫਤਿਹਗੜ੍ਹ ਚੂੜੀਆਂ ਨੇ ਪਿੰਡ ਬੱਲਪੁਰੀਆਂ ਵਿਖੇ ਧੰਨ-ਧੰਨ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਵੱਲੋਂ ਬਾਬਾ ਕੁਲਵੰਤ ਸਿੰਘ ਮੱਘਾ ਦੀ ਅਗਵਾਈ ਵਿਚ ਕਰਵਾਏ ਗਏ ਕਬੱਡੀ ਕੱਪ ਮੇਲੇ ਵਿਚ ਸ਼ਿਰਕਤ ਕਰਨ ਉਪਰੰਤ ਗੱਲਬਾਤ ਦੌਰਾਨ ਕੀਤਾ। ਇਸ ਮੌਕੇ ਉਨਾਂ ਖਿਡਾਰੀਆਂ ਨੂੰ ਇਨਾਮ ਵੰਡੇ। ਇਸ ਮੌਕੇ ਤਰੁਣ ਕਲਸੀ ਵੀ ਮੌਜੂਦ ਸਨ। ਚੇਅਰਮੈਨ ਪਨੂੰ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਨੌਜਵਾਨਾਂ ਨੂੰ ਸਮਾਜਿਕ ਬੁਰਾਈਆਂ ਤੋਂ ਬਚਾਉਣ ਲਈ ਉਨ੍ਹਾਂ ਨੂੰ ਖੇਡਾਂ ਵੱਲ ਮੋੜ ਰਹੀ ਹੈ, ਜਿਸ ਦੇ ਚੱਲਦਿਆਂ ਪੰਜਾਬ ਸਰਕਾਰ ਵਲੋਂ 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਪਿੰਡਾਂ ਅਤੇ ਸ਼ਹਿਰਾਂ ਦੇ ਖਿਡਾਰੀਆਂ ਨੂੰ ਮੰਚ ਦੇ ਕੇ ਸੁਨਹਿਰੀ ਇਤਿਹਾਸ ਸਿਰਜਿਆ ਹੈ, ਜਿਸ ਨਾਲ ਸੂਬੇ ਦੇ ਨੌਜਵਾਨਾਂ ਨੂੰ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਦਾ ਬਹੁਤ ਵਧੀਆ ਮੌਕਾ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਖੇਡ ਨੀਤੀ ਲਾਗੂ ਕੀਤੀ ਗਈ ਹੈ ਅਤੇ ਖਿਡਾਰੀਆਂ ਨੂੰ ਕਰੋੜਾਂ ਰੁਪਏ ਦੇ ਇਨਾਮ ਦੇਣ ਦੇ ਨਾਲ ਸਰਕਾਰੀ ਨੌਕਰੀਆਂ ਦੇਣ ਲਈ ਸਫਲ ਯਤਨ ਕੀਤੇ ਹਨ। ਪਨੂੰ ਨੇ ਅੱਗੇ ਕਿਹਾ ਕਿ 'ਖੇਡਾਂ ਵਤਨ ਪੰਜਾਬ ਦੀਆਂ' ਹੁਣ ਫਿਰ ਕਰਵਾਈਆਂ ਜਾ ਰਹੀਆਂ ਹਨ। ਪੰਜਾਬ ਸਰਕਾਰ ਵੱਲੋਂ ਬਲਬੀਰ ਸਿੰਘ ਸੀਨੀਅਰ ਵਜ਼ੀਫਾ ਸਕੀਮ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਤਹਿਤ ਕੌਮੀ ਪੱਧਰ ਉਤੇ ਪੁਜ਼

23-Aug-PAGE-4.qxd 8/22/2023 10:37 PM Page 1

ਨਵਾਂ ਜ਼ਮਾਨਾ
ਬੁੱਧਵਾਰ, 23 ਅਗਸਤ 2023

ਆਜ਼ਾਦ ਸੰਸਥਾ ਨੂੰ ਜ਼ਿੰਮੇਵਾਰੀ ਚੇਤੇ ਕਰਾਈ

ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ (ਐੱਨ ਸੀ ਟੀ ਈ) ਦੇ 2010 ਦੇ ਨੋਟੀਫਿਕੇਸ਼ਨ ਮੁਤਾਬਕ ਪ੍ਰਾਇਮਰੀ (ਪਹਿਲੀ ਤੋਂ ਪੰਜਵੀਂ ਜਮਾਤ) ਜਾਂ ਅੱਪਰ ਪ੍ਰਾਇਮਰੀ (ਛੇਵੀਂ ਤੋਂ ਅੱਠਵੀਂ) ਟੀਚਰ ਦੀ ਨੌਕਰੀ ਦੇ ਇੱਛੁਕ ਉਮੀਦਵਾਰ ਕੋਲ ਦਸਵੀਂ ਤੋਂ ਬਾਅਦ ਦੋ ਸਾਲਾ ਐਲੀਮੈਂਟਰੀ ਐਜੂਕੇਸ਼ਨ ਦਾ ਡਿਪਲੋਮਾ ਹੋਣਾ ਚਾਹੀਦਾ ਹੈ ਤੇ ਉਸ ਨੇ ਟੀਚਰ ਐਲਿਜੀਬਿਲਟੀ ਟੈਸਟ (ਟੀ ਈ ਟੀ) ਪਾਸ ਕੀਤਾ ਹੋਵੇ। 28 ਮਈ 2018 ਵਿਚ ਕੇਂਦਰੀ ਮਨੁੱਖੀ ਵਸੀਲਾ ਵਿਕਾਸ ਮੰਤਰਾਲੇ ਨੇ ਫੈਸਲਾ ਕੀਤਾ ਸੀ ਕਿ ਕੇਂਦਰੀ ਵਿਦਿਆਲਿਆਂ ਵਿਚ ਪ੍ਰਾਇਮਰੀ ਟੀਚਰਾਂ ਦੀ ਨਿਯੁਕਤੀ ਵੇਲੇ ਬੀ ਐੱਡ ਨੂੰ ਵਾਧੂ ਯੋਗਤਾ ਮੰਨਿਆ ਜਾਵੇਗਾ। ਇਸ ਤੋਂ ਬਾਅਦ ਐੱਨ ਸੀ ਟੀ ਈ ਨੇ ਕੇਂਦਰੀ ਮੰਤਰਾਲੇ ਦੇ ਕਹਿਣ 'ਤੇ ਜੂਨ 2018 ਵਿਚ ਬਾਕੀ ਪ੍ਰਾਇਮਰੀ ਸਕੂਲਾਂ ਵਿਚ ਬੀ ਐੱਡ ਪਾਸ ਟੀਚਰਾਂ ਨੂੰ ਨਿਯੁਕਤ ਕਰਨ ਦਾ ਫੈਸਲਾ ਕਰ ਦਿੱਤਾ। 2021 ਵਿਚ ਰਾਜਸਥਾਨ ਸਰਕਾਰ ਨੇ ਬੀ ਐੱਡ ਪਾਸ ਉਮੀਦਵਾਰਾਂ ਨੂੰ ਪ੍ਰਾਇਮਰੀ ਕਲਾਸ ਟੀਚਰਾਂ ਲਈ ਟੀ ਈ ਟੀ ਵਿਚ ਸ਼ਾਮਲ ਹੋਣ ਦੀ ਆਗਿਆ ਨਹੀਂ ਦਿੱਤੀ। ਕੁਝ ਬੀ ਐੱਡ ਪਾਸ ਉਮੀਦਵਾਰਾਂ ਨੇ ਇਸ ਨੂੰ ਰਾਜਸਥਾਨ ਹਾਈ ਕੋਰਟ ਵਿਚ ਇਹ ਕਹਿੰਦਿਆਂ ਚੈਲਿੰਜ ਕਰ ਦਿੱਤਾ ਕਿ ਸੂਬਾ ਸਰਕਾਰ ਨੇ ਐੱਨ ਸੀ ਟੀ ਈ ਦੀ ਨੀਤੀ ਦੀ ਉਲੰਘਣਾ ਕੀਤੀ ਹੈ। ਹਾਈ ਕੋਰਟ ਨੇ ਐੱਨ ਸੀ ਟੀ ਈ ਦੀ ਨੀਤੀ ਹੀ ਰੱਦ ਕਰ ਦਿੱਤੀ। ਇਸ ਤੋਂ ਬਾਅਦ ਮਾਮਲਾ ਸੁਪਰੀਮ ਕੋਰਟ ਪੁੱਜ ਗਿਆ। ਸੁਪਰੀਮ ਕੋਰਟ ਨੇ ਵੀ ਪਿਛਲੇ ਦਿਨੀਂ ਐੱਨ ਸੀ ਟੀ ਈ ਦੇ ਫੈਸਲੇ ਨੂੰ ਰੱਦ ਕਰਦਿਆਂ ਕਿਹਾ ਕਿ ਉਹ ਅਜਿਹੀ ਰੈਗੂਲੇਟਰੀ ਬਾਡੀ ਹੈ, ਜਿਸ 'ਤੇ ਅਜ਼ਾਦਾਨਾ ਫੈਸਲੇ ਲੈਣ ਦੀ ਜ਼ਿੰਮੇਵਾਰੀ ਹੈ। ਕੇਂਦਰ ਸਰਕਾਰ ਨੇ ਉਸ 'ਤੇ ਆਪਣਾ ਫੈਸਲਾ ਮੜ੍ਹ ਕੇ ਸੰਵਿਧਾਨ ਤੇ ਕਾਨੂੰਨ ਦੀ ਉਲੰਘਣਾ ਕੀਤੀ ਹੈ। ਜਸਟਿਸ ਅਨਿਰੁਧ ਬੋਸ ਤੇ ਜਸਟਿਸ ਸੁਧਾਂਸ਼ੂ ਧੂਲੀਆ ਦੀ ਬੈਂਚ ਨੇ ਆਪਣੇ ਫੈਸਲੇ 'ਚ ਕਿਹਾ ਕਿ ਬੀ ਐੱਡ ਪਾਸ ਉਮੀਦਵਾਰਾਂ ਨੂੰ ਪ੍ਰਾਇਮਰੀ ਟੀਚਰ ਵਜੋਂ ਚੁਣਨ ਦਾ ਫੈਸਲਾ ਐੱਨ ਸੀ ਟੀ ਈ ਨੇ ਆਪ ਨਹੀਂ ਕੀਤਾ। ਐੱਨ ਸੀ ਟੀ ਈ ਨੂੰ ਸੰਵਿਧਾਨ ਤਹਿਤ ਆਜ਼ਾਦ ਫੈਸਲੇ ਲੈਣ ਵਾਲੀ ਸੰਸਥਾ ਦੇ ਤੌਰ 'ਤੇ ਕਾਇਮ ਕੀਤਾ ਗਿਆ ਸੀ। ਉਸ ਨੇ ਸੋਚ-ਵਿਚਾਰ ਕੇ ਖੁਦ ਫੈਸਲਾ ਲੈਣ ਦੀ ਥਾਂ ਸਰਕਾਰ ਦੇ ਫੈਸਲੇ ਨੂੰ ਹੀ ਅੱਗੇ ਵਧਾਇਆ। ਬੀ ਐੱਡ ਪ੍ਰਾਇਮਰੀ ਟੀਚਰ ਲੱਗਣ ਦੀ ਯੋਗਤਾ ਨਹੀਂ ਹੈ, ਕਿਉਂਕਿ ਇਨ੍ਹਾਂ ਟੀਚਰਾਂ ਦੀ ਟਰੇਨਿੰਗ ਵੱਖਰੀ ਹੁੰਦੀ ਹੈ। ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਡਿਪਲੋਮਾ ਹੋਲਡਰਾਂ ਦੀ ਪ੍ਰਾਇਮਰੀ ਟੀਚਰ ਲੱਗਣ ਦੀ ਦਾਅਵੇਦਾਰੀ ਪੱਕੀ ਹੋ ਗਈ ਹੈ, ਕਿਉਂਕਿ ਕਈ ਵਾਰ ਉਨ੍ਹਾਂ ਦੀ ਥਾਂ ਬੀ ਐੱਡ ਟੀਚਰ ਲਾ ਕੇ ਉਨ੍ਹਾਂ ਦਾ ਹੱਕ ਖੋਹ ਲਿਆ ਜਾਂਦਾ ਹੈ।

ਪੰਜਾਬ ਲਈ ਹੱਲਾਸ਼ੇਰੀ

ਥੱਲੇ ਲਾ ਰੱਖ ਦਿੱਤਾ ਸੌੜੀਆਂ ਸਿਆਸਤਾਂ ਨੇ,
ਸੂਰਮਾ ਹੀ ਜਾਣੋ ਜਿਹੜਾ ਫੇਰ ਵੀ ਨ੍ਹੀਂ ਹਾਰਿਆ।
ਰੌਲਿਆਂ ਤੋਂ ਬਾਅਦ ਵੀ ਚੁਰਾਸੀ ਘੱਲੂਘਾਰੇ ਝੱਲੇ,
ਕਿਹੜਾ ਕਲੀ ਕਾਲ ਜਿਹੜਾ ਇਹਨੇ ਨ੍ਹੀਂ ਸਹਾਰਿਆ ।
ਕੇਂਦਰ ਦੀ ਕਾਣੀ ਅੱਖ ਦੇਖੇ ਨਾ ਦਰਦ ਇਹਦੇ,
ਜਿਵੇਂ ਮਤਰੇਈ ਪਹਿਲੇ ਪੁੱਤਾਂ ਨੂੰ ਵਿਸਾਰਿਆ।
ਜੀਣਾ ਹੈ ਮੜ੍ਹਕ ਨਾਲ ਝੁਕਣਾ ਨਾ ਕਿਸੇ ਅੱਗੇ,
ਗੁਰਾਂ ਦੀ ਅਸੀਸ ਤੈਨੂੰ ਨਾਬਰੀ ਦੁਲਾਰਿਆ।
ਦੱਸੇ ਇਤਿਹਾਸ ਪਹਿਲੇ ਬਿਪਤਾ ਸਮੇਂ ਵੀ ਏਹੋ,
ਆਪਣੇ ਕਾਜਾਂ ਨੂੰ ਸਦਾ ਹੱਥੀਂ ਤੈਂ ਸਵਾਰਿਆ।
ਨਸ਼ਾਖੋਰੀ ਨਾਲ ਪਹਿਲੋਂ ਝੰਬਿਆ ਪੰਜਾਬ ਪਿਆ,
ਕੁਦਰਤੀ ਕਰੋਪੀ ਉੱਤੋਂ ਹੜ੍ਹਾਂ ਨੇ ਹੈ ਮਾਰਿਆ!

-ਤਰਲੋਚਨ ਸਿੰਘ 'ਦੁਪਾਲਪੁਰ', 001-408-915-1268

ਪਰਜਾ ਮੰਡਲ ਦੇ ਪ੍ਰਧਾਨ ਕਾਮਰੇਡ ਜੰਗੀਰ ਸਿੰਘ ਜੋਗਾ

ਪਿਰਥੀਪਾਲ ਸਿੰਘ ਮਾੜੀਮੇਘਾ

ਪ੍ਰਸਿੱਧ ਕਮਿਊਨਿਸਟ ਆਗੂ ਜੰਗੀਰ ਸਿੰਘ ਜੋਗਾ ਨੇ 22 ਸਾਲ ਦੇ ਕਰੀਬ ਜੇਲ੍ਹ ਵਿੱਚ ਗੁਜ਼ਾਰੇ । ਉਨ੍ਹਾਂ ਦਾ ਜਨਮ 11 ਅਕਤੂਬਰ 1908 ਨੂੰ ਮਾਤਾ ਨਿਹਾਲ ਕੌਰ ਦੀ ਕੁੱਖੋਂ ਹੋਇਆ। ਉਹ 8 ਭੈਣ-ਭਰਾ ਸਨ। ਉਨ੍ਹਾਂ ਦੇ ਪਿਤਾ ਉੱਤਮ ਸਿੰਘ ਸਿੰਘਾਪੁਰ ਤੋਂ ਭਾਰਤ ਨੂੰ 'ਗਦਰ' ਅਖਬਾਰ ਦਾ ਬੰਡਲ ਲਿਆ ਰਹੇ ਸਨ ਤੇ ਬੰਡਲ ਫੜਿਆ ਗਿਆ। ਅੰਗਰੇਜ਼ਾਂ ਨੇ ਉਨ੍ਹਾਂ ਨੂੰ ਇੱਕ ਸਾਲ ਲਈ ਪਿੰਡ ਵਿੱਚ ਨਜ਼ਰਬੰਦ ਕਰ ਦਿੱਤਾ । ਕਾਮਰੇਡ ਜੋਗਾ ਜੀ ਦੇ ਵਡੇਰਿਆਂ ਵਿੱਚੋਂ ਬਾਬਾ ਸ਼ਾਮ ਸਿੰਘ ਨੂੰ ਅੰਗਰੇਜ਼ਾਂ ਨੇ ਮਾਲੇਰਕੋਟਲੇ ਦੀ ਧਰਤੀ 'ਤੇ ਤੋਪ ਦੇ ਗੋਲਿਆਂ ਨਾਲ ਮੌਤ ਦੇ ਘਾਟ ਉਤਾਰਿਆ ਸੀ।

ਜੰਗੀਰ ਸਿੰਘ ਜੋਗਾ ਸਕੂਲ ਵਿੱਚ ਪੜ੍ਹਦਿਆਂ ਹੀ ਆਜ਼ਾਦੀ ਸੰਗਰਾਮ ਵਿੱਚ ਕੁੱਦ ਪਏ ਸਨ। ਨਾਮਿਲਵਰਤਨ ਅੰਦੋਲਨ ਵਿੱਚ ਉਨ੍ਹਾਂ ਨੇ 6 ਮਹੀਨੇ ਕੈਦ ਕੱਟੀ ਸੀ। ਉਨ੍ਹਾਂ ਨੇ ਕਾਂਗਰਸ, ਅਕਾਲੀ, ਪਰਜਾ ਮੰਡਲ ਤੇ ਕਿਰਤੀ ਲਹਿਰ ਦੀਆਂ ਮੋਹਰਲੀਆਂ ਕਤਾਰਾਂ ਵਿੱਚ ਕੰਮ ਕੀਤਾ । ਰਜਵਾੜਾਸ਼ਾਹੀ ਤੇ ਬਿਸਵੇਦਾਰੀ ਵਿਰੁੱਧ ਉਨ੍ਹਾਂ ਨੇ ਜੁਝਾਰੂ ਘੋਲ ਲੜੇ। ਉਹ ਕਿਸਾਨ ਸਭਾ ਦੇ ਉੱਚ ਅਹੁਦਿਆਂ 'ਤੇ ਕੰਮ ਕਰਦੇ ਰਹੇ। ਅੰਗਰੇਜ਼ਾਂ ਨੇ ਉਨ੍ਹਾਂ ਕੋਲੋਂ ਜ਼ੈਲਦਾਰੀ ਖੋਹ ਕੇ ਸਾਰੀ ਜਾਇਦਾਦ ਕੁਰਕ ਕਰ ਦਿੱਤੀ। ਆਪ 1938 ਵਿੱਚ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਏ।

ਜਦੋਂ ਹਿੰਦੁਸਤਾਨ ਅੰਗਰੇਜ਼ਾਂ ਤੋਂ ਆਜ਼ਾਦ ਹੋਇਆ ਸੀ, ਉਦੋਂ ਜੋਗਾ ਜੀ ਪਰਜਾ ਮੰਡਲ ਦੇ ਪ੍ਰਧਾਨ ਸਨ। ਸਰਦਾਰ ਪਟੇਲ ਨੇ ਉਨ੍ਹਾਂ ਨੂੰ ਪੇਸ਼ਕਸ਼ ਕੀਤੀ ਕਿ ਉਹ ਮੁੱਖ ਮੰਤਰੀ ਬਣ ਕੇ ਪੈਪਸੂ ਦਾ ਕੰਮ ਸੰਭਾਲਣ । ਉਨ੍ਹਾਂ ਨੇ ਪੇਸਕਸ ਠੁਕਰਾਅ ਦਿੱਤੀ । ਜੋਗਾ ਜੀ ਆਪਣੇ ਅਸੂਲ 'ਤੇ ਡਟੇ ਰਹੇ ਤੇ ਸਾਰੀ ਉਮਰ ਲੁੱਟਣ ਵਾਲੀਆਂ ਤਾਕਤਾਂ ਰਜਵਾੜਾਸ਼ਾਹੀ ਤੇ ਬਿਸਵੇਦਾਰੀ ਵਿਰੁੱਧ ਲੜਦੇ ਰਹੇ।

ਜੋਗਾ ਜੀ ਔਰਤਾਂ 'ਤੇ ਹੁੰਦੇ ਜ਼ੁਲਮ ਨਹੀਂ ਸਨ ਸਹਾਰ ਸਕਦੇ, ਸਾਰੀ ਉਮਰ ਉਨ੍ਹਾਂ ਨੇ ਬਿਨਾਂ ਵਿਤਕਰੇ ਤੇ ਰਾਜਨੀਤਕ ਹਿੱਤਾਂ ਤੋਂ ਉੱਪਰ ਉੱਠ ਕੇ ਔਰਤਾਂ ਦੀ ਰੱਖਿਆ ਕੀਤੀ ਤੇ ਨਿਆਂ ਦਿਵਾਇਆ। ਜੋਗਾ ਜੀ ਪੀੜਤ ਔਰਤਾਂ ਨੂੰ ਨਿਆਂ ਦਿਵਾਉਣਾ ਆਪਣਾ ਫਰਜ਼ ਸਮਝਦੇ ਸਨ । ਔਰਤਾਂ ਦੇ ਨਿਆਂ ਦੇ ਮਸਲੇ 'ਤੇ ਉਨ੍ਹਾਂ ਨਾਲ ਜਿਹੜਾ ਮਰਜ਼ੀ ਨਾਰਾਜ਼ ਹੋ ਜਾਵੇ, ਉਨ੍ਹਾਂ ਕਦੀ ਪ੍ਰਵਾਹ ਨਾ ਕੀਤੀ। ਔਰਤਾਂ ਦਾ ਮਸਲਾ ਹੱਲ ਕਰਦਿਆਂ ਸਮਾਜੀ ਲਿਹਾਜਦਾਰੀ ਵੀ ਉਨ੍ਹਾਂ ਅੱਗੇ ਅੜਿੱਕਾ ਨਹੀਂ ਸੀ ਬਣ ਸਕਦੀ ।

ਉਨ੍ਹਾਂ ਨੇ ਦਸਵੀਂ ਪਾਸ ਕਰਦਿਆਂ ਹੀ ਲਾਲਾ ਲਾਜਪਤ ਰਾਏ, ਅਬਦੁਲ ਕਾਦਰ ਕਸੂਰੀ ਅਤੇ ਬਾਬਾ ਖੜਕ ਸਿੰਘ ਦੇ ਲੈਕਚਰ ਸੁਣੇ। ਲੈਕਚਰਾਂ ਵਿੱਚ ਪ੍ਰਿੰਸੀਪਲ ਛਬੀਲ ਦਾਸ ਦਾ ਨਾਂਅ ਵਾਰ-ਵਾਰ ਆਉਂਦਾ ਸੀ, ਫਿਰ ਉਹ ਪ੍ਰਿੰਸੀਪਲ ਦੀ ਕਲਾਸ ਲੈਣ ਵਾਸਤੇ ਬ੍ਰੈਡਲੇ ਹਾਲ ਲਾਹੌਰ ਪਹੁੰਚ ਗਏ। ਛਬੀਲ ਦਾਸ ਨੈਸ਼ਨਲ ਕਾਲਜ ਲਾਹੌਰ ਦਾ ਪ੍ਰਿੰਸੀਪਲ ਸੀ ਤੇ ਇਸੇ ਕਾਲਜ ਵਿੱਚ ਸ਼ਹੀਦੇ-ਆਜ਼ਮ ਭਗਤ ਸਿੰਘ ਪੜ੍ਹ ਰਿਹਾ ਸੀ। ਕਲਾਸ ਦੀ ਸਮਾਪਤੀ 'ਤੇ ਵਾਪਸ ਆਉਂਦਿਆਂ ਆਪ ਕ੍ਰਾਂਤੀਕਾਰੀ ਦਲ ਨਾਲ ਇੱਕ ਪਿਕਟਿੰਗ ਵਿੱਚ ਸ਼ਾਮਲ ਹੋ ਗਏ ਤੇ ਪੁਲਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਤੇ 14 ਸਾਲ ਦੀ ਉਮਰ ਵਿੱਚ ਇੱਕ ਸਾਲ ਦੀ ਸਜ਼ਾ ਦੇ ਦਿੱਤੀ।

ਜਦੋਂ ਉਨ੍ਹਾਂ ਦੀ ਲਾਹੌਰ ਤੋਂ ਰਿਹਾਈ ਹੋਈ ਤਾਂ ਗੁਰਦੁਆਰਿਆਂ ਦੀ ਆਜ਼ਾਦੀ ਦੀ ਲਹਿਰ ਦਾ ਮੋਰਚਾ ਭਖਿਆ ਪਿਆ ਸੀ। ਸੰਨ 1924 ਨੂੰ ਪਟਿਆਲਾ ਦਾ ਜਥਾ ਭਾਈ ਫੇਰੂ ਗੁਰਦੁਆਰਾ ਆਜ਼ਾਦ ਕਰਵਾਉਣ ਲਈ ਜਾ ਰਿਹਾ ਸੀ ਜੰਗੀਰ ਸਿੰਘ ਜਥੇ ਵਿੱਚ ਸ਼ਾਮਲ ਹੋ ਗਏ। ਸਾਰੇ ਜਥੇ ਨੂੰ ਫੜ ਕੇ ਜੇਲ੍ਹ ਵਿੱਚ ਡੱਕ ਦਿੱਤਾ। ਜੇਲ੍ਹ ਵਿੱਚ ਤਸੀਹੇ ਦੇਣ ਲਈ 12 ਸੇਰ ਕਣਕ ਪੀਹਣ ਦੀ ਜ਼ਿੰਮੇਵਾਰੀ ਉਨ੍ਹਾਂ 'ਤੇ ਪਾ ਦਿੱਤੀ। ਆਪ ਮੁਸ਼ੱਕਤ ਪੂਰੀ ਕਰ ਨਾ ਸਕੇ । ਆਪ ਨੂੰ ਇਸ ਦੀ ਇਵਜ਼ ਵਿੱਚ ਅੰਗਰੇਜ਼ਾਂ ਨੇ ਇੱਕ ਜੇਲ੍ਹ ਵਿੱਚ ਟਿਕਣ ਨਾ ਦਿੱਤਾ ਤੇ ਕਦੀ ਲਾਹੌਰ ਤੋਂ ਲਾਇਲਪੁਰ ਤੋਂ ਮੁਲਤਾਨ ਤੇ ਫਿਰ ਲਾਹੌਰ ਲੈ ਆਉਣਾ। ਇਸ ਪਿੱਛੇ ਅੰਗਰੇਜ਼ਾਂ ਦੀ ਸਮਝ ਇਹ ਸੀ ਕਿ ਇਹ ਖਤਰਨਾਕ ਕੈਦੀ ਹੈ ਤੇ ਇਹ ਕਿਤੇ ਵਾਕਫਕਾਰਾਂ ਨਾਲ ਗੰਡਸੰਡ ਕਰਕੇ ਬਗਾਵਤ ਨਾ ਕਰਾ ਦੇਵੇ। ਆਪ ਜੇਲ੍ਹ ਵਿੱਚ ਸਨ ਤੇ ਪਿੱਛੇ ਬਾਪ ਦੀ ਮੌਤ ਹੋ ਗਈ।

1925 ਵਿੱਚ ਅਕਾਲੀ ਦਲ ਦੀ ਚੋਣ ਹੋਈ ਤਾਂ ਅਕਾਲੀ ਦਲ ਦੋਫਾੜ ਹੋ ਗਿਆ। ਇੱਕ ਪਾਸੇ ਮਾਸਟਰ ਤਾਰਾ ਸਿੰਘ ਤੇ ਦੂਜੇ ਪਾਸੇ ਸਰਦਾਰ ਬਹਾਦਰ ਮਹਿਤਾਬ ਸਿੰਘ ਸਨ । ਜੋਗਾ ਜੀ ਮਾਸਟਰ ਤਾਰਾ ਸਿੰਘ ਦੇ ਅਕਾਲੀ ਦਲ ਨਾਲ ਜੁੜ ਗਏ। ਅਕਾਲੀ ਦਲ ਦੀਆਂ ਚੋਣਾਂ ਵਿੱਚ ਜੰਗੀਰ ਸਿੰਘ ਜੋਗਾ ਨੂੰ ਪਟਿਆਲਾ ਰਿਆਸਤ ਦਾ ਸਕੱਤਰ ਚੁਣ ਲਿਆ ਗਿਆ। ਪਟਿਆਲਾ ਵਿਖੇ ਇੱਕ ਅੰਗਰੇਜ਼ ਅਧਿਕਾਰੀ ਕਮਿਸ਼ਨਰ ਨੇ ਆਉਣਾ ਸੀ। ਜੋਗਾ ਜੀ ਨੂੰ ਉਸ ਦਾ ਸਵਾਗਤ ਕਰਨ ਲਈ ਕਿਹਾ ਗਿਆ। ਜੋਗਾ ਜੀ ਨੇ ਕਮਿਸ਼ਨਰ ਅੱਗੇ ਦੇਸ਼ ਦੀ ਆਜ਼ਾਦੀ ਦਾ ਮਸਲਾ ਜ਼ੋਰਦਾਰ ਢੰਗ ਨਾਲ ਰੱਖ ਦਿੱਤਾ। ਆਪ ਨੂੰ ਫੜ ਕੇ ਜੇਲ੍ਹ ਵਿੱਚ ਡੱਕ ਦਿੱਤਾ ਗਿਆ ।

ਰਿਆਸਤ ਪਰਜਾ ਮੰਡਲ ਦੇ ਬਾਨੀ ਪ੍ਰਧਾਨ ਸੇਵਾ ਸਿੰਘ ਠੀਕਰੀਵਾਲਾ ਤੇ ਜਨਰਲ ਸਕੱਤਰ ਭਗਵਾਨ ਸਿੰਘ ਲੌਂਗੋਵਾਲ ਸਨ। ਜੰਗੀਰ ਸਿੰਘ ਜੋਗਾ ਦੇ ਮਾਸਟਰ ਤਾਰਾ ਸਿੰਘ ਨਾਲ ਮੱਤਭੇਦ ਹੋ ਗਏ ਤੇ ਆਪ ਕੈਦ 'ਚੋਂ ਛੁੱਟਦਿਆਂ ਸਾਰ ਹੀ ਪਰਜਾ ਮੰਡਲ ਲਹਿਰ ਵਿੱਚ ਸ਼ਾਮਲ ਹੋ ਗਏ। ਜੋਗਾ ਜੀ ਨੇ ਡਾਕਟਰ ਸੱਤਿਆਪਾਲ, ਸੈਫੂਦੀਨ ਕਿਚਲੂ ਅਤੇ ਸਰਦੂਲ ਸਿੰਘ ਕਵੀਸ਼ਰ ਨਾਲ ਮਿਲ ਕੇ ਨਾਭਾ, ਪਟਿਆਲਾ ਤੇ ਜੀਂਦ ਸਟੇਟਾਂ ਵਿੱਚ ਬੜੀ ਤੇਜ਼ੀ ਨਾਲ ਕਿਸਾਨਾਂ ਨੂੰ ਜਥੇਬੰਦ ਕੀਤਾ। ਜੋਗਾ ਜੀ ਇੱਕ ਜਲਸੇ ਵਿੱਚ ਤਕਰੀਰ ਕਰ ਰਹੇ ਸਨ ਤੇ ਅੰਗਰੇਜ਼ੀ ਪੁਲਸ ਨੇ ਉਨ੍ਹਾਂ ਨੂੰ ਤਕਰੀਰ ਕਰਦਿਆਂ ਹੀ ਦਫਾ 108 ਅਧੀਨ ਗ੍ਰਿਫਤਾਰ ਕਰ ਲਿਆ ਤੇ ਪਟਿਆਲਾ ਜੇਲ੍ਹ ਭੇਜ ਦਿੱਤਾ। ਜੇਲ੍ਹ ਵਿੱਚ ਜੌਂਆਂ ਦੀ ਰੋਟੀ ਮਿਲਦੀ ਸੀ ਤੇ ਕੈਦੀ ਹੜਤਾਲ 'ਤੇ ਸਨ, ਜੋਗਾ ਜੀ ਉਨ੍ਹਾਂ ਨਾਲ ਹੜਤਾਲ 'ਤੇ ਬੈਠ ਗਏ। ਹੜਤਾਲ ਦੌਰਾਨ ਭੁੱਖ ਨਾਲ 14 ਕੈਦੀ ਮੌਤ ਨੂੰ ਪਿਆਰੇ ਹੋ ਗਏ, ਪਰ ਅੰਗਰੇਜ਼ ਹਾਕਮਾਂ ਦੇ ਕੰਨ 'ਤੇ ਜੂੰ ਨਾ ਸਰਕੇ। ਜੋਗਾ ਜੀ ਨੇ ਇਸ ਕੇਸ ਵਿੱਚ ਇੱਕ ਸਾਲ ਕੈਦ ਕੱਟੀ।



ਜਗੀਰਦਾਰ ਕਿਸਾਨਾਂ ਦੀਆਂ ਜ਼ਮੀਨਾਂ ਦੱਬ ਕੇ ਬੈਠੇ ਸਨ, ਹਿੱਕ ਦੇ ਜ਼ੋਰ ਨਾਲ ਕਿਸਾਨਾਂ ਕੋਲੋਂ ਵਾਹੀ ਕਰਾਉਂਦੇ ਤੇ ਜਦੋਂ ਫਸਲ ਪੱਕ ਕੇ ਦਾਣੇ ਤਿਆਰ ਕੀਤੇ ਜਾਂਦੇ ਤੇ ਜ਼ਬਰਦਸਤੀ ਚੁੱਕ ਕੇ ਲੈ ਜਾਂਦੇ। ਕਿਸਾਨਾਂ ਦੇ ਪਰਵਾਰ ਭੁੱਖੇ ਤਿਹਾਏ ਵਿਲਕਦੇ ਰਹਿੰਦੇ। ਇਸ ਪ੍ਰਸਥਿਤੀ ਵਿੱਚ ਜਗੀਰਦਾਰਾਂ ਤੋਂ ਜ਼ਮੀਨਾਂ ਹਥਿਆਉਣ ਲਈ ਮੁਜ਼ਾਰਾ ਲਹਿਰ ਪ੍ਰਚੰਡ ਹੋ ਗਈ। ਜੋਗਾ ਜੀ ਨੇ ਪ੍ਰਸਿੱਧ ਕਰਾਂਤੀਕਾਰੀ ਤੇਜਾ ਸਿੰਘ ਸੁਤੰਤਰ ਤੇ ਧਰਮ ਸਿੰਘ ਫੱਕਰ ਨਾਲ ਮਿਲ ਕੇ ਮੁਜ਼ਾਰਾ ਲਹਿਰ ਨੂੰ ਰੰਗ ਚਾੜ੍ਹਿਆ ਤੇ ਜਗੀਰਦਾਰਾਂ ਕੋਲੋਂ 27000 ਏਕੜ ਜ਼ਮੀਨ ਖੋਹ ਕੇ ਪੈਪਸੂ ਦੇ 300 ਪਿੰਡਾਂ ਦੇ ਮੁਜ਼ਾਰਿਆਂ ਵਿੱਚ ਵੰਡ ਦਿੱਤੀ। ਇਹ ਲਹਿਰ ਤਿੰਨ ਸਾਲ ਚੱਲੀ, ਫਿਰ ਕਿਤੇ ਜਿੱਤ ਹੋਈ। ਮਾਨਸਾ ਜ਼ਿਲ੍ਹੇ ਦੇ ਪਿੰਡ ਕਿਸਨਗੜ੍ਹ ਦਾ ਮੋਰਚਾ ਇਸ ਲਹਿਰ ਦੀ ਇਤਿਹਾਸਕ ਘਟਨਾ ਹੈ। ਇਸ ਪਿੰਡ ਵਿੱਚ ਮੁਜ਼ਾਰਿਆਂ ਹੱਥੋਂ ਇੱਕ ਪੁਲਸ ਵਾਲਾ ਮਰ ਗਿਆ ਤੇ ਪੁਲਸ ਨੇ ਚਾਰ ਦਿਨ ਲਾਸ਼ ਨੂੰ ਪਿੰਡ ਵਿੱਚ ਰੱਖ ਕੇ ਪਿੰਡ ਨੂੰ ਘੇਰਾ ਪਾ ਕੇ ਬੰਬ ਸੁੱਟੇ ਗਏ। ਸਰਕਾਰ ਨੇ ਫੌਜ ਦਾ ਸਹਾਰਾ ਲਿਆ। ਘਰਾਂ ਦੀ ਤਲਾਸ਼ੀ ਲਈ ਗਈ, ਪਰ ਜੰਗੀਰ ਸਿੰਘ ਜੋਗਾ, ਸੁਤੰਤਰ ਤੇ ਧਰਮ ਸਿੰਘ ਫੱਕਰ ਹੱਥ ਨਾ ਆਏ।

ਜੰਗੀਰ ਸਿੰਘ ਜੋਗਾ ਜੀ 1954, 1962, 1969 ਤੇ 1972 ਵਿੱਚ ਲਗਾਤਾਰ ਐੱਮ ਐੱਲ ਏ ਬਣਦੇ ਰਹੇ। ਐਸੰਬਲੀ ਵਿੱਚ ਜਾ ਕੇ ਵੀ ਗਰੀਬਾਂ ਤੇ ਮਜ਼ਲੂਮਾਂ ਦੇ ਹੱਕ ਵਿੱਚ ਆਵਾਜ਼ ਉਠਾਈ। ਵਿਧਾਨ ਸਭਾ ਦੇ ਸਪੀਕਰ ਸੁਰਜੀਤ ਸਿੰਘ ਮਿਨਹਾਸ ਅਨੁਸਾਰ, "ਕਾਮਰੇਡ ਜੰਗੀਰ ਸਿੰਘ ਜੋਗਾ ਜਿਨ੍ਹਾ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ ਤੇ ਬਤੌਰ ਐੱਮ ਐੱਲ ਏ ਵੀ ਪੰਜਾਬ ਦੀ ਵਿਧਾਨ ਸਭਾ ਦੀਆਂ ਕਾਰਵਾਈਆਂ ਵਿੱਚ ਆਪਣੀਆਂ ਤਕਰੀਰਾਂ ਅਤੇ ਵਿਚਾਰਾਂ ਰਾਹੀਂ ਸਭ ਨੂੰ ਪ੍ਰਭਾਵਿਤ ਕੀਤਾ । ਕਾਮਰੇਡ ਜੰਗੀਰ ਸਿੰਘ ਜੋਗਾ ਜੀ ਨੇ ਆਪਣੇ ਐਸੰਬਲੀ ਹਲਕੇ ਦੀਆਂ ਹੀ ਨਹੀਂ, ਬਲਕਿ ਸਮੁੱਚੇ ਪੰਜਾਬ ਦੀਆਂ ਆਰਥਿਕ ਤੌਰ 'ਤੇ ਲਤਾੜੀਆਂ ਹੋਈਆਂ ਸ਼੍ਰੇਣੀਆਂ ਦੀ ਉੱਨਤੀ ਲਈ ਆਵਾਜ਼ ਨੂੰ ਸਮੇਂ ਸਿਰ ਉਠਾਇਆ।"

ਕਾਮਰੇਡ ਜੰਗੀਰ ਸਿੰਘ ਜੋਗਾ ਜੀ ਸੀ ਪੀ ਆਈ ਦੇ ਸਿਰਮੌਰ ਆਗੂ ਰਹੇ ਸਨ। ਉਹ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਵੀ ਆਖਰੀ ਸਾਹਾਂ ਤੱਕ ਕਰਤਾ-ਧਰਤਾ ਰਹੇ। ਹੁਣ ਉਨ੍ਹਾਂ ਦੀ ਨੂੰਹ ਹਰਮਿੰਦਰ ਕੌਰ ਜੋਗਾ ਕਮੇਟੀ ਮੈਂਬਰ ਹਨ। ਅੰਤ ਇਸ ਮਹਾਨ ਕਰਮਯੋਗੀ ਦੀ 23 ਅਗਸਤ 2002 ਨੂੰ ਮੌਤ ਹو ਗਈ।

 # ਜਨਰਲ ਸਕੱਤਰ , ਦੇਸ ਭਗਤ ਯਾਦਗਾਰ ਕਮੇਟੀ ਜਲੰਧਰ, 98760-78731

ਅਮੀਰਾਂ ਨੂੰ ਦੇਖ ਗ਼ਰੀਬ ਵਧਾ ਰਹੇ ਹਨ ਆਪਣੇ ਘਰੇਲੂ ਖਰਚ

23-AUG-PAGE-5.qxd 8/22/2023 10:31 PM Page 1

ਬੀ ਕੇ ਯੂ ਏਕਤਾ (ਅਜ਼ਾਦ) ਵੱਲੋਂ ਥਾਣੇ ਅੱਗੇ ਦੂਜੇ ਦਿਨ ਵੀ ਧਰਨਾ ਤੇ ਨਾਅਰੇਬਾਜ਼ੀ

ਪੁਲਸ ਤਸ਼ੱਦਦ ਦੇ ਰੋਸ ਵਜੋਂ ਸ਼ਹਿਰ ਮੁਕੰਮਲ ਬੰਦ ਰਿਹਾ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)

ਭਾਰਤੀ ਕਿਸਾਨ ਯੂਨੀਅਨ ਏਕਤਾ (ਅਜ਼ਾਦ) ਵੱਲੋਂ 16 ਕਿਸਾਨ ਜਥੇਬੰਦੀਆਂ ਦੇ ਤਾਲਮੇਲ ਕੇਂਦਰ ਦੇ ਸੱਦੇ ਤਹਿਤ ਪੁਲਸ ਥਾਣਾ ਲੌਂਗੋਵਾਲ ਅੱਗੇ ਦੂਸਰੇ ਦਿਨ ਵੀ ਹਜ਼ਾਰਾਂ ਕਿਸਾਨਾਂ ਸਮੇਤ ਕਿਸਾਨ ਬੀਬੀਆਂ ਨੇ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਖਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ।

ਧਰਨੇ ਨੂੰ ਸੰਬੋਧਨ ਕਰਦਾ ਹੋਇਆ ਬੁਲਾਰਾ (ਸੱਜੇ) ਬੰਦ ਪਿਆ ਬਜ਼ਾਰ।

ਭਾਰਤੀ ਕਿਸਾਨ ਯੂਨੀਅਨ ਏਕਤਾ (ਅਜ਼ਾਦ) ਦੇ ਸੂਬਾਈ ਆਗੂ ਮਨਜੀਤ ਸਿੰਘ ਨਿਆਲ ਦੀ ਅਗਵਾਈ ਹੇਠ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਹੜ੍ਹਾਂ ਤੋਂ ਪੀੜਤ ਪਰਿਵਾਰਾਂ ਨੂੰ ਫੌਰੀ ਮੁਆਵਜ਼ਾ ਵੰਡਣ ਵਿੱਚ ਅਸਫਲ ਰਹੀ ਹੈ, ਸਗੋਂ ਕੇਂਦਰ ਸਰਕਾਰ ਖਿਲਾਫ ਸੰਘਰਸ਼ ਕਰਕੇ ਮੁਆਵਜ਼ਾ ਰਾਸ਼ੀ ਵਧਾਉਣ ਤੇ ਬਾਸਮਤੀ ਫਸਲ 'ਤੇ ਐੱਮ ਐੱਸ ਪੀ ਦੀ ਮੰਗ ਨੂੰ ਲੈ ਕੇ ਚੰਡੀਗੜ੍ਹ ਵਿੱਚ ਅਣਮਿੱਥੇ ਸਮੇਂ ਲਈ ਸੰਘਰਸ਼ ਕਰਕੇ ਮੰਗਾਂ ਮਨਵਾਉਣ ਦਾ ਫੈਸਲਾ ਕੀਤਾ ਸੀ, ਪਰ ਪੰਜਾਬ ਸਰਕਾਰ ਨੇ ਕਿਸਾਨਾਂ 'ਤੇ ਲੌਂਗੋਵਾਲ ਵਿੱਚ ਭਾਰੀ ਲਾਠੀਚਾਰਜ ਕਰਕੇ ਦਰਜਨਾਂ ਕਿਸਾਨਾਂ ਨੂੰ ਫੱਟੜ ਕੀਤਾ ਤੇ ਇਕ ਕਿਸਾਨ ਪ੍ਰੀਤਮ ਸਿੰਘ ਮੰਡੇਰ ਕਲਾਂ ਦੀ ਮੌਤ ਹੋ ਚੁੱਕੀ ਹੈ। ਕਿਸਾਨਾਂ ਨੂੰ ਸੰਬੋਧਨ ਕਰਦਿਆਂ ਸੂਬਾਈ ਆਗੂ ਦਿਲਬਾਗ ਸਿੰਘ ਹਰੀਗੜ੍ਹ, ਔਰਤ ਵਿੰਗ ਦੀ ਆਗੂ ਬਲਜੀਤ ਕੌਰ ਕਿਲ੍ਹਾ ਭਰੀਆਂ, ਗੁਰਪ੍ਰੀਤ ਕੌਰ ਬਰਾਸ ਤੇ ਦਵਿੰਦਰ ਕੌਰ ਹਰਦਾਸਪੁਰ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾਈ ਆਗੂ ਮਨਜੀਤ ਸਿੰਘ ਧਨੇਰ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਅਵਤਾਰ ਸਿੰਘ ਮਹਿਮਾ, ਬੂਟਾ ਸਿੰਘ ਸ਼ਾਦੀਪੁਰ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਬਲਵਿੰਦਰ ਸਿੰਘ, ਰਾਜੂ ਮਾਝਾ ਕਿਸਾਨ ਸੰਘਰਸ਼ ਕਮੇਟੀ, ਲਖਵੀਰ ਸਿੰਘ ਲੌਂਗੋਵਾਲ ਸੂਬਾ ਆਗੂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਬਲਵੀਰ ਸਿੰਘ ਲੌਂਗੋਵਾਲ ਸੂਬਾ ਆਗੂ ਡੀ ਟੀ ਐੱਫ, ਜੁਝਾਰ ਸਿੰਘ ਲੌਂਗੋਵਾਲ, ਜੰਗਵੀਰ ਸਿੰਘ ਚੌਹਾਨ, ਬਿੰਦਰ ਸਿੰਘ ਗੋਲੇਵਾਲ, ਬਲਵਿੰਦਰ ਸਿੰਘ ਮੱਲੀ ਨੰਗਲ, ਨਛੱਤਰ ਸਿੰਘ, ਸੁੱਖ ਸਿੰਘ, ਮਲੂਕ ਸਿੰਘ ਹਰੀਕੇ, ਸਤਨਾਮ ਸਿੰਘ ਸਾਹਨੀ, ਹੈਪੀ ਸਿੰਘ ਨਮੋਲ, ਅਮਰ ਸਿੰਘ ਲੌਂਗੋਵਾਲ, ਹਰਦੇਵ ਸਿੰਘ ਕੁਲਾਰ, ਜਸਵੀਰ ਸਿੰਘ ਮੈਦੇਵਾਸ, ਲਖਵੀਰ ਸਿੰਘ ਜੰਗ ਦੌਧਰ, ਗੁਰਮੇਲ ਸਿੰਘ ਮਹੋਲੀ, ਗਮਦੂਰ ਸਿੰਘ ਬਾਬਰਪੁਰ ਆਦਿ ਆਗੂਆਂ ਨੇ ਮੰਗ ਕੀਤੀ ਕਿ ਮ੍ਰਿਤਕ ਕਿਸਾਨ ਪ੍ਰੀਤਮ ਸਿੰਘ ਮੰਡੇਰ ਕਲਾਂ ਦੇ ਪਰਿਵਾਰ ਨੂੰ 10 ਲੱਖ ਰੁਪਏ ਮੁਆਵਜ਼ਾ, ਸਮੁੱਚਾ ਕਰਜ਼ਾ ਖਤਮ ਕਰਨ ਤੋਂ ਇਲਾਵਾ ਪਰਿਵਾਰ ਦੇ ਇੱਕ ਮੈਂਬਰ ਨੂੰ ਯੋਗਤਾ ਅਨੁਸਾਰ ਸਰਕਾਰੀ ਨੌਕਰੀ ਤੋਂ ਇਲਾਵਾ ਗੰਭੀਰ ਫੱਟੜਾਂ ਨੂੰ 2 ਲੱਖ ਦਾ ਮੁਆਵਜ਼ਾ ਤੇ ਫੱਟੜ ਕਿਸਾਨਾਂ ਨੂੰ ਇੱਕ ਲੱਖ ਰੁਪਏ ਮੁਆਵਜ਼ਾ ਰਾਸ਼ੀ ਅਤੇ ਨੁਕਸਾਨੇ ਵਹੀਕਲਾਂ ਲਈ 7 ਲੱਖ ਮੁਆਵਜ਼ਾ ਰਾਸ਼ੀ ਤੇ ਇਸ ਸਾਰੇ ਘਟਨਾਕ੍ਰਮ ਦੀ ਉੱਚ ਪੱਧਰੀ ਜਾਂਚ ਕਰਵਾ ਕੇ ਦੋਸ਼ੀ ਅਤੇ ਜ਼ੁੰਮੇਵਾਰ ਅਧਿਕਾਰੀਆਂ 'ਤੇ ਕਾਰਵਾਈ ਕਰਾਉਣ ਦੀ ਮੰਗ ਸ਼ਾਮਲ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਇਹ ਧਰਨਾ ਮੰਗਾਂ ਮੰਨੇ ਜਾਣ ਤੱਕ ਜਾਰੀ ਰਹੇਗਾ। ਸੰਯੁਕਤ ਕਿਸਾਨ ਮੋਰਚੇ ਦੀ ਸਮੁੱਚੀ ਟੀਮ ਵੱਡੀ ਗਿਣਤੀ ਵਿੱਚ ਕਾਫਲੇ ਸਮੇਤ ਸ਼ਾਮਲ ਹੋਈ। ਓਧਰ ਅੱਜ ਲੌਂਗੋਵਾਲ ਵਿਖੇ ਸ਼ਾਂਤਮਈ ਮੁਜ਼ਾਹਰਾ ਕਰਨ ਲਈ ਅੱਗੇ ਵਧ ਰਹੇ ਭਾਰਤੀ ਕਿਸਾਨ ਯੂਨੀਅਨ ਅਜ਼ਾਦ ਦੇ ਆਗੂਆਂ ਤੇ ਕਾਰਕੁਨਾਂ 'ਤੇ ਪੁਲਸ ਵੱਲੋਂ ਕੀਤੇ ਅੰਨ੍ਹੇ ਤਸ਼ੱਦਦ ਦੀ ਵੱਖ ਵੱਖ ਇਨਸਾਫ਼ ਪਸੰਦ, ਜਨਤਕ, ਜਮਹੂਰੀ ਤੇ ਇਨਕਲਾਬੀ ਜਥੇਬੰਦੀਆਂ ਵੱਲੋਂ ਸਖਤ ਨਿਖੇਧੀ ਕੀਤੀ ਗਈ। ਅੱਜ ਸਵੇਰ ਵੇਲੇ ਹੀ ਲੌਂਗੋਵਾਲ ਨੂੰ ਪੁਲਸ ਛਾਉਣੀ ਵਿੱਚ ਤਬਦੀਲ ਕਰਕੇ ਕਿਸਾਨ ਆਗੂ ਜਸਵਿੰਦਰ ਸੋਮਾ ਲੌਂਗੋਵਾਲ ਨੂੰ ਗ੍ਰਿਫ਼ਤਾਰ ਕਰਨ ਲਈ ਦਹਿਸ਼ਤੀ ਮਾਹੌਲ ਸਿਰਜ ਦਿੱਤਾ, ਜਿਸ 'ਤੇ ਇਲਾਕੇ ਦੇ ਲੋਕਾਂ ਤੇ ਜਥੇਬੰਦੀਆਂ ਵੱਲੋਂ ਵਿਰੋਧ ਕਰਦਿਆਂ ਵਡਿਆਣੀ ਪੱਤੀ ਵਿੱਚ ਇਕੱਠ ਕੀਤਾ ਗਿਆ, ਜਿਸ ਤੋਂ ਸਾਰਾ ਦਿਨ ਤਣਾਅ ਦਾ ਮਾਹੌਲ ਬਣਿਆ ਰਿਹਾ।

ਇਸ ਘਟਨਾ 'ਤੇ ਸ਼੍ਰੋਮਣੀ ਅਕਾਲੀ ਦਲ (ਅ) ਫਤਿਹ ਦੇ ਕੌਮੀ ਸਕੱਤਰ ਅੰਮ੍ਰਿਤਪਾਲ ਸਿੰਘ ਸਿੱਧੂ, ਬਿਕਰਮ ਸਿੰਘ ਰਾਓ ਜ਼ਿਲ੍ਹਾ ਪ੍ਰਧਾਨ ਕਿਸਾਨ ਯੂਨੀਆਨ, ਕਾਲਾ ਮਿੱਤਲ, ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰੈੱਸ ਸਕੱਤਰ ਅਮਰਜੀਤ ਸਿੰਘ ਗਿਆਨੀ, ਕਾ. ਸੱਤਪਾਲ ਲੌਂਗੋਵਾਲ, ਬੀਬੀ ਸ਼ਮਿੰਦਰ ਕੌਰ ਗਿੱਲ, ਵਿਜੇ ਗੋਇਲ ਲੌਂਗੋਵਾਲ ਨੇ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਦੀ ਨਿੰਦਾ ਕੀਤੀ ਤੇ ਆਗੂਆਂ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਨੇ ਜ਼ੁਲਮ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ ਅਤੇ ਪੁਲਸ ਨੇ ਕਿਸਾਨਾਂ ਤੇ ਔਰਤਾਂ 'ਤੇ ਸਰੇਆਮ ਲਾਠੀਚਾਰਜ ਕੀਤਾ। ਇਸ ਘਟਨਾ ਦੇ ਰੋਸ ਵਜੋਂ ਕਸਬਾ ਲੌਂਗੋਵਾਲ ਦਾ ਮੇਨ ਬਜ਼ਾਰ ਮੁਕੰਮਲ ਬੰਦ ਰਿਹਾ।

ਵਿਵੇਕਾਨੰਦ ਵਰਲਡ ਸਕੂਲ ਵੱਲੋਂ ਪਲਾਸਟਿਕ ਦੀ ਵਰਤੋਂ ਵਿਰੁੱਧ ਮੁਹਿੰਮ ਸ਼ੁਰੂ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਵਿਵੇਕਾਨੰਦ ਵਰਲਡ ਸਕੂਲ ਨੇ ਪਲਾਸਟਿਕ ਪ੍ਰਦੂਸ਼ਣ ਦੇ ਮੁੱਦੇ ਨੂੰ ਹੱਲ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ।ਜਾਗਰੂਕਤਾ ਪੈਦਾ ਕਰਨ ਤੇ ਉਤਸ਼ਾਹਤ ਕਰਨ ਦੇ ਉਦੇਸ਼ ਨਾਲ, ਸਕੂਲ ਨੇ ਪਲਾਸਟਿਕ ਦੀ ਵਰਤੋਂ ਵਿਰੁੱਧ ਇੱਕ ਮੁਹਿੰਮ ਸ਼ੁਰੂ ਕੀਤੀ ਹੈ। ਸਕੂਲ ਦੇ ਡਾਇਰੈਕਟਰ ਡਾ. ਐੱਸ ਐੱਨ ਰੁਦਰਾ ਨੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਲਾਸਟਿਕ ਦੀ ਵਰਤੋਂ ਨਾਲ ਹੋਣ ਵਾਲੇ ਵਾਤਾਵਰਨ ਦੇ ਨੁਕਸਾਨ ਤੇ ਅਣਜਾਣੇ ਵਿੱਚ ਇਸ ਦੇ ਸੇਵਨ ਨਾਲ ਪਸ਼ੂਆਂ ਦੀ ਹੋ ਰਹੀ ਮੌਤ ਤੋਂ ਅਸੀਂ ਸਾਰੇ ਜਾਣੂ ਹਾਂ।ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਹਰ ਘਰ ਰੋਜ਼ਾਨਾ ਵਰਤੋਂ ਲਈ ਘੱਟੋ-ਘੱਟ 100 ਤੋਂ ਵੱਧ ਪਲਾਸਟਿਕ ਦੀਆਂ ਥੈਲੀਆਂ ਜਿਵੇਂ ਤੇਲ ਦੀਆਂ ਥੈਲੀਆਂ, ਦੁੱਧ ਦੀਆਂ ਥੈਲੀਆਂ, ਕਰਿਆਨੇ ਦੀਆਂ ਥੈਲੀਆਂ, ਸ਼ੈਂਪੂ, ਸਾਬਣ, ਮੈਗੀ, ਕੁਰਕੁਰੇ ਆਦਿ ਆਉਂਦੀਆਂ ਹਨ।ਉਹੀ ਬੈਗ ਰੋਜ਼ਾਨਾ ਡਸਟਬਿਨ ਵਿੱਚ ਸੁੱਟਣ ਦੀ ਬਜਾਏ, ਅਸੀਂ ਉਨ੍ਹਾਂ ਨੂੰ ਪਾਣੀ ਦੀ ਬੋਤਲ ਵਿੱਚ ਪਾ ਸਕਦੇ ਹਾਂ।ਜਦੋਂ ਤੁਹਾਡੀ ਇੱਕ ਬੋਤਲ ਇੱਕ ਹਫ਼ਤੇ ਵਿੱਚ ਭਰ ਜਾਂਦੀ ਹੈ, ਤਾਂ ਇਸ ਨੂੰ ਢੱਕਣ ਨਾਲ ਚੰਗੀ ਤਰ੍ਹਾਂ ਬੰਦ ਕਰਕੇ ਕੂੜੇ ਵਿੱਚ ਸੁੱਟ ਦਿਓ।ਅਜਿਹਾ ਕਰਨ ਨਾਲ ਜਾਨਵਰ ਖਿੱਲਰੇ ਹੋਏ ਪਲਾਸਟਿਕ ਨੂੰ ਨਹੀਂ ਖਾਣਗੇ।ਜਿੱਥੇ ਪਲਾਸਟਿਕ ਦੇ ਕੂੜੇ ਤੇ ਪਾਣੀ ਦੀਆਂ ਬੋਤਲਾਂ ਦਾ ਢੁੱਕਵਾਂ ਨਿਪਟਾਰਾ ਹੋਵੇਗਾ, ਉੱਥੇ ਹੀ ਕੂੜਾ ਵਿਭਾਗ ਵੀ ਕੂੜਾ ਜਮ੍ਹਾਂ ਕਰ ਸਕੇਗਾ।ਇਸ ਲਈ ਆਪ ਸਭ ਨੂੰ ਬੇਨਤੀ ਹੈ ਕਿ ਹਰ ਘਰ ਵਿੱਚ ਇਸ ਲੋੜ ਨੂੰ ਪਛਾਣ ਕੇ ਇਸ ਸ਼ੁਭ ਕਾਰਜ ਦੀ ਸ਼ੁਰੂਆਤ ਕਰੋ।

ਮਨਰੇਗਾ ਮਜ਼ਦੂਰ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ ਤੇ ਨਾਅਰੇਬਾਜ਼ੀ

ਡੀ ਸੀ ਨੂੰ ਸੌਂਪਿਆ ਮੰਗ ਪੱਤਰ

ਮਾਨਸਾ (ਆਤਮਾ ਸਿੰਘ ਪਮਾਰ)

ਮਨਰੇਗਾ ਮਜ਼ਦੂਰ ਯੂਨੀਅਨ ਜ਼ਿਲ੍ਹਾ ਇਕਾਈ ਮਾਨਸਾ ਵੱਲੋਂ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ ਜਥੇਬੰਦੀ ਦੇ ਸੂਬਾਈ ਆਗੂ ਜਗਸੀਰ ਸਿੰਘ ਸੀਰਾ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਮਾਨਸਾ ਦੇ ਦਫਤਰ ਮੂਹਰੇ ਜ਼ੋਰਦਾਰ ਰੋਸ ਪ੍ਰਦਰਸ਼ਨ ਤੇ ਨਾਅਰੇਬਾਜ਼ੀ ਕੀਤੀ ਗਈ। ਇਸ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੀਰਾ ਨੇ ਕਿਹਾ ਕਿ ਮਨਰੇਗਾ ਨਾਲ ਸਬੰਧਤ ਅਧਿਕਾਰੀ ਜਿਵੇਂ, ਗ੍ਰਾਮ ਸੇਵਕ, ਏ.ਪੀ.ਓ. ਤੇ ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ, ਜੋ ਕਿ ਮਜ਼ਦੂਰਾਂ ਨੂੰ ਸੰਵਿਧਾਨਕ ਤੌਰ 'ਤੇ ਕੰਮ ਦੇਣ ਦੇ ਮਿਲੇ ਅਧਿਕਾਰ ਨੂੰ ਅੱਖੋਂ ਪਰੋਖੇ ਕਰ ਰਹੇ ਹਨ। ਇਸ ਸਮੇਂ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਦੇ ਮਨਰੇਗਾ ਮਰਦ ਤੇ ਔਰਤ ਮਜ਼ਦੂਰਾਂ ਨੇ ਦੱਸਿਆ ਕਿ ਲਗਾਏ ਗਏ ਇਹ ਅਧਿਕਾਰੀ ਕੰਮ ਸਬੰਧੀ ਦਿੱਤੇ ਗਏ ਉਨ੍ਹਾਂ ਦੇ ਬਿਨੈ ਪੱਤਰ ਜਾਂ ਤਾਂ ਫੜਦੇ ਹੀ ਨਹੀਂ, ਜੇ ਫੜਦੇ ਹਨ ਤਾਂ ਫਿਰ ਉਨ੍ਹਾਂ ਦੀ ਰਸੀਦ ਨਹੀਂ ਦਿੰਦੇ। ਉਨ੍ਹਾ ਕਿਹਾ ਕਿ ਕੰਮ ਨਾ ਮਿਲਣ ਕਾਰਨ ਇਸ ਅੰਤਾਂ ਦੀ ਮਹਿੰਗਾਈ ਦੇ ਯੁੱਗ ਵਿੱਚ ਸਾਨੂੰ ਦੋ ਵਕਤ ਦੀ ਰੋਟੀ ਦੇ ਵੀ ਲਾਲੇ ਪਏ ਹੋਏ ਹਨ। ਇਸ ਸਮੇਂ ਉਨ੍ਹਾਂ ਜ਼ਿਲ੍ਹੇ ਦੇ ਵੱਖ ਵੱਖ ਬਲਾਕਾਂ ਵਿਚਲੇ ਪਿੰਡਾਂ ਦੇ ਨਾਮ ਵੀ ਲਿਖਤੀ ਤੌਰ 'ਤੇ ਆਪਣੇ ਬਿਨੈ ਪੱਤਰਾਂ ਵਿੱਚ ਦਰਜ ਕੀਤੇ ਹੋਏ ਸਨ। ਡਿਪਟੀ ਕਮਿਸ਼ਨਰ ਮਾਨਸਾ ਦੀ ਗੈਰ-ਮੌਜੂਦਗੀ ਵਿੱਚ ਆਪਣੀਆਂ ਭਖਦੀਆਂ ਮੰਗਾਂ ਸਬੰਧੀ ਉਨ੍ਹਾਂ ਇੱਕ ਮੰਗ ਪੱਤਰ ਸਹਾਇਕ ਕਮਿਸ਼ਨਰ ਜਨਰਲ ਹਰਜਿੰਦਰ ਸਿੰਘ ਜੱਸਲ ਨੂੰ ਸੌਂਪਿਆ। ਅਧਿਕਾਰੀ ਵੱਲੋਂ ਵਿਸ਼ਵਾਸ ਦਵਾਇਆ ਗਿਆ ਕਿ ਪੜਤਾਲ ਕਰਕੇ ਤੁਹਾਡੀ ਹਰ ਸਮੱਸਿਆ ਦਾ ਢੁੱਕਵਾਂ ਹੱਲ ਯਕੀਨੀ ਬਣਾਇਆ ਜਾਵੇਗਾ। ਇਸ ਸਮੇਂ ਵੱਡੀ ਗਿਣਤੀ 'ਚ ਮਨਰੇਗਾ ਯੂਨੀਅਨ ਦੇ ਮਰਦ ਤੇ ਔਰਤਾਂ ਹਾਜ਼ਰ ਸਨ।

ਨਗਰ ਕੌਂਸਲ ਪੁਰਾਣੇ ਵਿਕਾਸ ਕੰਮ ਨੇਪਰੇ ਚਾੜ੍ਹੇ, ਬਾਅਦ 'ਚ ਨਵੇਂ ਮਤੇ ਪਾਵੇ

ਜਗਰਾਉਂ (ਅਮਿਤ ਖੰਨਾ)-ਪੰਜਾਬ ਸਰਕਾਰ ਰਾਜ ਅੰਦਰ ਵਿਕਾਸ ਦੇ ਮੁੱਦੇ ਨੂੰ ਲੈ ਕੇ ਪੂਰੀ ਤਰਾਂ ਸੰਜੀਦਾ ਹੋ ਗਈ ਲੱਗਦੀ ਹੈ, ਕਿਉਂ ਜੋ ਨਗਰ ਕੌਂਸਲਾ ਤੇ ਨਗਰ ਪੰਚਾਇਤਾਂ ਅੰਦਰ ਪ੍ਰਧਾਨ ਤੇ ਮੈਂਬਰਾਂ ਵੱਲੋਂ ਆਪਹੁਦਰੀਆਂ ਕਰਕੇ ਤੇ ਆਪਸੀ ਧੜੇਬਾਜ਼ੀ ਕਾਰਨ ਪੁਰਾਣੇ ਪਾਸ ਕੀਤੇ ਵਿਕਾਸ ਦੇ ਕੰਮਾਂ ਨੂੰ ਨਾ ਕਰਾ ਕੇ ਮੀਟਿੰਗ ਅੰਦਰ ਨਵੇਂ ਕੰਮਾਂ ਦੇ ਮਤੇ ਪਾ ਦਿੱਤੇ ਜਾਂਦੇ ਸਨ, ਜਿਸ ਕਾਰਨ ਨਾ ਤਾਂ ਪਹਿਲਾਂ ਵਾਲੇ ਕੰਮ ਮੁਕੰਮਲ ਹੋ ਰਹੇ ਸਨ ਅਤੇ ਨਾ ਨਵੇਂ ਕੰਮ ਸ਼ੁਰੂ ਹੋ ਰਹੇ ਸਨ। ਇਸ ਮਾਮਲੇ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਦੇ ਅਧੀਨ ਸਕੱਤਰ ਲੋਕਲ ਸਰਕਾਰਾਂ ਵੱਲੋਂ ਸਮੂਹ ਜ਼ਿਲ੍ਹਾ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਤੇ ਇਸੇ ਲੜੀ ਅਧੀਨ ਲੁਧਿਆਣਾ ਦੇ ਵਧੀਕ ਡਿਪਟੀ ਕਮਿਸ਼ਨਰ ਸ਼ਹਿਰੀ ਵਿਕਾਸ ਵੱਲੋਂ ਨਗਰ ਕੌਂਸਲ ਜਗਰਾਓਂ ਨੂੰ ਆਪਣੇ ਪੱਤਰ ਰਾਹੀਂ ਸਰਕਾਰ ਵੱਲੋਂ ਵਿਕਾਸ ਦੇ ਕੰਮਾਂ ਸਬੰਧੀ ਪ੍ਰਾਪਤ ਹੋਈਆਂ ਹਦਾਇਤਾਂ ਅਨੁਸਾਰ ਕਾਰਵਾਈ ਕਰਨ ਬਾਰੇ ਲਿਖਿਆ ਗਿਆ ਹੈ ਕਿ ਨਗਰ ਕੌਂਸਲ ਵੱਲੋਂ ਆਪਣੀ ਕਾਰਵਾਈ ਪ੍ਰੋਸੀਡਿੰਗ ਦੌਰਾਨ ਜੋ ਵਿਕਾਸ ਦੇ ਕੰਮਾਂ ਦੇ ਮਤੇ ਪਾਸ ਕੀਤੇ ਜਾਂਦੇ ਹਨ। ਪਹਿਲਾਂ ਉਨ੍ਹਾਂ ਪੁਰਾਣੇ ਵਿਕਾਸ ਦੇ ਕੰਮਾਂ ਦੇ ਮਤਿਆਂ 'ਤੇ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ। ਇਨ੍ਹਾਂ ਮਤਿਆਂ 'ਤੇ ਕਾਰਵਾਈ ਕਰਨ ਉਪਰੰਤ ਹੀ ਕੋਈ ਅਗਲੇ ਵਿਕਾਸ ਦੇ ਕੰਮ ਆਮ ਇਕੱਤਰਤਾ ਕਾਰਵਾਈ ਮੀਟਿੰਗ ਦੌਰਾਨ ਪਾਸ ਕੀਤੇ ਜਾਣ। ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

'ਆਪ' ਮੰਤਰੀ ਦੇ ਜੱਦੀ ਪਿੰਡ 'ਚ ਨਸ਼ਿਆਂ ਨਾਲ ਮੌਤਾਂ ਗੰਭੀਰ ਚਿੰਤਾ ਦਾ ਵਿਸ਼ਾ : ਹਰਸਿਮਰਤ ਬਾਦਲ

ਨਸ਼ਿਆਂ ਕਾਰਨ ਹੋਈਆਂ ਮੌਤਾਂ 'ਤੇ ਪੀੜਤ ਪਰਵਾਰਾਂ ਨਾਲ ਕੀਤਾ ਦੁੱਖ ਸਾਂਝਾ

ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)-ਪੰਜਾਬ ਦੇ ਖੇਤੀਬਾੜੀ ਮੰਤਰੀ ਦੇ ਜੱਦੀ ਪਿੰਡ ਖੁੱਡੀਆਂ ਵਿਖੇ ਪਿਛਲੇ ਸਮੇਂ ਵਿੱਚ ਕਿਸੇ ਕਾਰਨਾਂ ਕਰਕੇ ਹੋਈਆਂ ਮੌਤਾਂ 'ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਨ ਲਈ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਪਹੁੰਚੇ, ਜਿਨ੍ਹਾਂ ਨੇ ਇੱਕ ਅਜਿਹੇ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ, ਜੋ ਇਕਲੌਤਾ ਪੁੱਤਰ ਤੇ ਤਿੰਨ ਬੇਟੀਆਂ ਦਾ ਪਿਤਾ, ਜਿਸ ਦੀ ਨਸ਼ੇ ਦੀ ਦਲ ਦਲ ਵਿੱਚ ਫਸਣ ਨਾਲ ਮੌਤ ਹੋ ਗਈ ਸੀ। ਇਸ ਮੌਕੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਬੜੇ ਅਫ਼ਸੋਸ ਗੱਲ ਹੈ ਕਿ ਪੰਜਾਬ ਦੇ ਮੰਤਰੀ ਦੇ ਪਿੰਡ ਵਿੱਚ ਹੀ ਨਸ਼ੇ ਨਾਲ ਇਸ ਗਰੀਬ ਤਿੰਨ ਬੇਟੀਆਂ ਦੇ ਪਿਤਾ ਦੀ ਨਸ਼ੇ ਨਾਲ ਮੌਤ ਹੋ ਗਈ। ਇਸ ਮੌਕੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਬੜੀ ਸ਼ਰਮ ਦੀ ਗੱਲ ਹੈ ਕਿ ਕਾਂਗਰਸ ਤੇ ਆਮ ਆਦਮੀ ਪਾਰਟੀ ਨੇ ਅਕਾਲੀ ਦਲ ਨੂੰ ਭੰਡਿਆ ਸੀ। ਇਨ੍ਹਾਂ ਦਾਅਵਾ ਕੀਤਾ ਸੀ ਕਿ ਪੰਜਾਬ ਵਿੱਚ ਨਸ਼ੇ ਬੰਦ ਕਰ ਦੇਵਾਂਗੇ, ਪ੍ਰੰਤੂ ਅੱਜ ਪੰਜਾਬ ਦਾ ਮੁੱਖ ਮੰਤਰੀ ਕਿੱਥੇ ਗਿਆ। ਪੰਜਾਬ ਵਿੱਚ ਨਸ਼ਿਆਂ ਨਾਲ ਹਰ ਰੋਜ਼ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ।

ਉਨ

page-6-23-(AUG)-2023-G-(BV).qxd 8/22/2023 10:38 PM Page 1

ਕਲਾਸੀਫਾਈਡ ਇਸ਼ਤਿਹਾਰ

Doaba College Jalandhar

Applications invited for the following posts of Assistant Professors for teaching B.A B.Ed. (4 Years Integrated Course) on regular basis. Assistant Professors in Perspective in Education (Three), Pedagogy Subjects (Maths, Science, Social Science, Language) (Four), Health & Physical Education (One) and Performing Arts (Music / Dance / Theatre) (One). Qualifications / Eligibility, pay & grade as per UGC/GNDU Amritsar / NCTE/State Government norms. Apply within 15 days through registered post alongwith complete testimonials on prescribed application form available from Admin Office / college website. Reservation policy as per Punjab Government rules. Punjabi pass in Matric level is compulsory. **Principal Dr. Pardeep Bhandari**

ਜਨਤਕ ਨੋਟਿਸ

ਮੈਂ, ਮਨਪ੍ਰੀਤ ਪਤਨੀ ਸ੍ਰੀ ਅਭਿਸ਼ੇਕ ਅਹੂਜਾ, ਵਾਸੀ ਮਕਾਨ ਨੰ. 72, ਸੈਕਟਰ 39, ਨੇੜੇ ਬਾਬਾ ਜਸਵੰਤ ਸਿੰਘ ਡੈਂਟਲ ਕਾਲਜ, ਅਰਬਨ ਅਸਟੇਟ, ਫੋਕਲ ਪੁਆਇੰਟ, ਲੁਧਿਆਣਾ ਆਮ ਜਨਤਾ ਨੂੰ ਨੋਟਿਸ ਦਿੰਦੀ ਹਾਂ ਕਿ ਮੈਂ ਜਾਇਦਾਦ/ਦੁਕਾਨ ਐੱਮ ਸੀ ਨੰ. 15-273/1 ਰਕਬਾ 50 ਵਰਗ ਗਜ਼, ਤਰਫ ਸੇਦਾਂ, ਅਬਾਦੀ ਨਿਰੰਕਾਰੀ ਕੂਚਾ ਨੰ. 1, ਲੁਧਿਆਣਾ, ਜੋ ਕਿ ਮੈਂ ਰਾਜ ਕੁਮਾਰ ਸਿੰਗਲਾ ਪੁੱਤਰ ਸ੍ਰੀ ਰਾਮ ਕ੍ਰਿਸ਼ਨ ਸਿੰਗਲਾ ਤੋਂ ਬੈਨਾਮਾ ਵਸੀਕਾ ਨੰ. 2022-23/106/1/2481 ਮਿਤੀ 17.05.2022 ਦੀ ਮਾਲਕ ਹਾਂ। ਬੇਸ਼ੱਕ ਪਿਛਲੇ ਤੋਂ ਪਿਛਲਾ ਬੈਨਾਮਾ 1321 ਮਿਤੀ 15.4.1997 ਸ੍ਰੀ ਅਮਰਜੀਤ ਕੁਮਾਰ ਪੁੱਤਰ ਤਿਲਕ ਰਾਜ ਤੋਂ ਕਿਤੇ ਗੁੰਮ ਹੋ ਗਿਆ ਹੈ। ਜੋ ਮਿਲ ਨਹੀਂ ਰਿਹਾ। ਇਸ ਤੋਂ ਅੱਗੇ ਮੈਂ ਗੁੰਮਸ਼ੁਦਗੀ ਦੀ ਰਿਪੋਰਟ ਐੱਸ ਆਰ ਨੰ. 376371/2023 ਮਿਤੀ 19.8.2023 ਨੂੰ ਲਿਖਵਾਈ ਹੈ। ਅਸੀਂ ਉਪਰੋਕਤ ਜਾਇਦਾਦ ਯੂਨੀਅਨ ਬੈਂਕ ਆਫ ਇੰਡੀਅਨ ਕੋਲ ਗਿਰਵੀ ਰੱਖਣ ਦੇ ਚਾਹਵਾਨ ਹਾਂ। ਜੇਕਰ ਕਿਸੇ ਵਿਅਕਤੀ ਨੂੰ ਬੈਂਕ ਜਾਂ ਵਿੰਤੀ ਸੰਸਥਾ ਆਦਿ ਨੂੰ ਗਿਰਵੀ ਰੱਖੀ ਜਾਇਦਾਦ ਬੈਨਾਮਾ ਨੰਬਰ 1321, ਮਿਤੀ 15.4.1997 ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਬਰਾਂਚ ਮੈਨੇਜਰ ਯੂਨੀਅਨ ਬੈਂਕ ਆਫ ਇੰਡੀਆ ਸਿਵਲ ਲਾਈਨਜ਼ ਬਰਾਂਚ ਲੁਧਿਆਣਾ ਨੂੰ ਇਸ ਪ੍ਰਕਾਸ਼ਨ ਦੀ ਮਿਤੀ ਤੋਂ 7 ਦਿਨਾਂ ਦੇ ਅੰਦਰ ਸੂਚਿਤ ਕਰ ਸਕਦਾ ਹੈ। ਇਸ ਤੋਂ ਬਾਅਦ ਕਿਸੇ ਤਰ੍ਹਾਂ ਦੇ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

COURT NOTICE

In the Court of
Vikas Garg, IAS,
Financial Commissioner
(Appeals), Punjab at Chandigarh.

CM No. 24 of 2022 in ROR No. 578 of 2018

The above menlioned case as per given title is pending before this Court which related to partition.

Tittle : Harpreet Kaur and others
Petitioners
Versus
Gurjot Singh and others
Respondents

Public Notice is issued to following :

1. Gurjot Singh S/o Amrik Singh R/o Vill. Mithapur, Distt. Jalandhar through power of attorney Satnam Singh S/o Sewa Singh R/o Vill. Dayalpur, Distt. Jalandhar 2. Amrik Singh S/o Gurdev Singh R/o Vill. Mithapur, Distt. Jalandhar through power of attorney Satnam Singh S/o Sewa Singh R/o Vill. Dayalpur, Distt. Jalandhar.

Whereas petitioners have filed a revenue revision petition in this Hon'ble Court against the order passed by Assistant Collector Ist Class, Baba Bakala Sahib whereby he sancticeed final partition vide order dated 10.7.2014 and against the order dated 10.11.2014 passed by SDM-cum-Collector and order dated 28.2.2018 passed by ld. Commissioner, Jalandhar Division and now the above title ROR filed against the above said orders and the above said person imteaded as respondents no. 1 and 2.

And whereas it proved to the satisfaction of the court that the above named respondent no. 1 and 2 cannot be served in the ordinary way of service. This case is fixed for hearing on 15.9.2023 Mini Secra riate Punjab, Sector 9 at Chandigarh and if he want to defend his case he need to appear personally or through his representative on 15.9.2023

Take notice that in default of his appearance on the day is mentioned the above said case will be heard and decided in his absence and will be proceeded ex-parte against him.

Financial Commissioner

Civil Court, Ludhiana

In the Court of
Ms. Radhika Puri
Addl. Civil Judge (Senior Division) Ludhiana.

Publication notice in Petition under the Indian Succession Act 1925

CNR No. PBLD02-011188-2023
Next Date : 20.9.2023

1. Abhin Jain (Son) 2. Lakshay Jain (Son) 3. Santosh Jain (wife) of Late Sh. Ajay Jain S/o Pawan Kumar Jain R/o H.No. B-1-474, Park Lane, Kundanpuri, Civil Lines, Bindraban Road, Ludhiana. (Petitioners)

Versus
General Public and another
Notice to : General Public

Whereas the above named petitioner Abhin Jain and others has filed petition for the grant of Succession Certificate regarding the assets left by the deceased Ajay Jain S/o Pawan Kumar Jain who died on 15.11.2022, in this Court.

Notice is issued in the name of "General Public" that in case anybody has any objection for the grant of succession certificate, he/she can file objection to the same on or before 20.9.2023, failing which the petition shall be decided in accordance with law.

For details logon to https://highcourtchd.gov.in/?trs=district notice & district=Ludhiana

Addl. Civil Judge (Senior Division) Ludhiana.
Dated, this day of 22.8.2023

COURT NOTICE

In the Court of
Ms. Shampy Chaudhary
Additional Civil Judge (Sr. Divn),
Amloh (P)
U/O 5 Rule 20 Cpc
CNR No. PBFGA0000319-2023,
Next Date : 17.1.2024

1. Rajinder Singh S/o Bachan Lal S/o Jot Ram R/o H. No. 250 Sector 26-A mandi Gobindgarh, Tehsil Amloh, District Fatehgarh Sahib.

2. Lal Singh S/o Bachan Lal S/o Jot Ram R/o H. No. 164 Sector 22-A Backside Khalsa School Sangatpura Road Mandi Gobindgarh, Tehsil Amloh, District Fatehgarh Sahib.

Versus

1. Bachan Lal S/o Jot Ram S/o Ram Baksh

2. Satnam Singh S/o Bachan Lal S/o Jot Ram

3. Taranjit kaur Wd/o Late Narinder Singh S/o Bachan Lal

4. Jaspreet Singh S/o Narinder Singh S/o Bachan Lal

5. Harjit Singh S/o Late Narinder Singh S/o Bachan Lal All Resident of H. No. 164 Sector 22-A, Backside Khalsa School Sangatpura Road Mandi Gobindgarh, Tehsil Amloh, District Fatehgarh Sahib.

Publication Issued to

5. Harjit Singh S/o Late Narinder Singh S/o Bachan Lal All Resident of H. No. 164 Sector 22-A, Backside Khalsa School Sangatpura Road Mandi Gobindgarh Tehsil Amloh District Fatehgarh Sahib.

In above titled case, the accused could not be served. It is ordered that defendant (s)/respondent (S) appear himself or through counsel on 17.01.2024 at 10.00 a.m.

For details logon to https://highcourtchd.gov.in/?trs=district notice & district=Fatehgarh Sahib.

Additional Civil Judge (Sr. Divn), Amloh (P)
Dated, this day of 22.8.2023

Civil Court, Ludhiana

In the Court of
Ms. Radhika Puri
Addl. Civil Judge (Senior Division) Ludhiana.

Publication notice in Petition under the Indian Succession Act 1925

CNR No. PBLD02-011335-2023
Next Date : 20.9.2023

Rahul Lomsh S/o Late Sh. Vidya Sagar Phool R/o # 101-D, Kitchlu Nagar, Ludhiana. (Petitioner)

Versus
General Public and Others
Notice to : General Public

Whereas the above named petitioner Rahul Lomsh S/o Late Sh. Vidya Sagar Phool has filed petition for the grant of Succession Certificate regarding the assets left by the deceased Vidya Sagar Phool S/o Sh.Kasturi Lal who died on 21.5.2023, in this Court.

Notice is issued in the name of "General Public" that in case anybody has any objection for the grant of succession certifidate, he/she can file objection to the same on or before 20.9.2023, failing which the petition shall be decided in accordance with law.

For details logon to https://highcourtchd.gov.in/?trs=district notice & district=Ludhiana

Addl. Civil Judge (Senior Division) Ludhiana.
Dated, this day of 22.8.2023

COURT NOTICE

In the Court of
Ms. Radhika Puri
Addl. Civil Judge (Senior Division) Ludhiana.

Publication notice in Petition under Section 8 (II) of the Hindu Minorities and Guardianship Act

CNR No. PBLD02-005689-2023
Peshi : 14.9.2023

Sarbjit Kaur W/o Late Satvir Singh R/o Ward No. 21, Chaudhary Filling Station, M.K. Road, Khanna, Distt. Ludhiana.

Versus
General Public
Notice to : General Public

Whereas the above named petitioner Sarabjit Kaur W/o Late Satvir Singh has filed petition for grant of permission to the petitioner for the sale of share of the Harsewak Singh S/o Late Sucha Singh (Sarabjit Kaur beling Guardian) in the property i.e. having 1/3rd share out of total property//house measuring 27 Kanal 16 Marla, comprising in Khasra No. 12//22/2/2, 23/2, 16//2, 3, 9 Khewat No. 345/338, Khatauni No. 369, as per jamabandi for the year 2016-2017 situated at Vill. Kanech, Hadbast No. 220, Tehsil Sahnewal, Distt. Ludhiana on the basis for oral and documentary evidence.

This notice is hereby issued to the general public regarding the institution of this petition . If any person has any objection to sell the property of the above said petitioner of the said children, then He/She should appear in the court on 14.9.2023 at 10.00 AM. either in person or through an authorized agent of lawyer for filling objection, failling which the petition shall be decided in accordance with law.

Given under my hand and the seal of the Court this 22.8.2023

For details logon to https://highcourtchd.gov.in/?trs=district notice & district=Ludhiana.

Addl. Civil Judge (Senior Division), Ludhiana.

ਪਬਲਿਕ ਨੋਟਿਸ

ਮੈਂ, ਰਜਨੀ ਬਾਲਾ ਪਤਨੀ ਸੋਨੂੰ ਵਾਸੀ ਮਕਾਨ ਨੰ. ਡਬਲਯੂ. ਡੀ. 143, ਅਲੀ ਮੁਹੱਲਾ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਪਤੀ ਸੋਨੂੰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨਾਲ ਆਪਣੇ ਸਾਰੇ ਸੰਬੰਧ ਤੋੜਦੀ ਹਾਂ। ਇਸ ਦੇ ਨਾਲ ਸੰਬੰਧਤ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੀ ਮੇਰੀ ਜਾਂ ਮੇਰੇ ਲੜਕੇ ਸਾਹਿਲ ਵਰਮਾ ਦੀ ਕੋਈ ਜ਼ਿੰਮੇਵਾਰੀ ਨਹੀ ਹੋਵੇਗੀ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

COURT NOTICE

In the Court of
Ms. Rajni Chhokra
Principal Judge Family Court,
Tarn Taran.

Next Date, Purpose of Case, Orders and Judgments as well as other case information is available on http://ecourts.gov.in.

CNR No. PBTT01-000267-2023
Next Date : 21.9.2023
Navjot Kaur
Versus
Sahil Louch

Publication issued to : Sahil Louch S/o Sanjay Louch R/o 277, Mota Singh Nagar, Jalandhar.

In above titled case, the defendant (s)/respondent(s) could not be served. It is ordered that defendant (s)/respondent (s) should appear in person or through counsel on 21.9.2023 at 10.00 a.m.

For details logon to https://highcourtchd.gov.in/?trs=district notice & district=Tarn Taran

Principal Judge Family Court,
Tarn Taran
Dated, this day of 22.8.2032

COURT NOTICE

In the Court of
M/S Nidhi Saini, PCS
Addl. Civil JudgeSr.
Division, Nangal.
CNR No. PBROB0-000170-2023
Next Date : 27.9.2023
Neena Chetal & Others
Versus
General Public

Publication issued to : General Public

Suit for Declaration to the effect that the plaintiffs being the daughters of late Chaudhary Sant Kumar and Smt. Savitri Devi W/o Chaudhary Sant Kumar R/o Mohalla Bhora Sahib, Sri Anandpur Sahib Distt. Rupnagar are legally entitled to access, open and to operate the locker in State Bank of India Branch Naya Nangal.

In above titled case, the defendant (s)/respondent(s) could not be served. It is ordered that defendant (s)/respondent(s) should appear in person or through counsel on 27.9.2023 at 10.00 a.m.

For details logon to https://highcourtchd.gov.in/?trs=district notice & district=Rupnagar

Addl. Civil Judge Sr. Division,
Nangal.
Dated, this day of 27.7.2023

COURT NOTICE

In the Court of
Sh. Tarsem Mangla
Principal Judge Family
Court, Faridkot.
CNR No. PBFD01-004840-2022
Next Date : 6.10.2023
Harjinder Singh
Versus
Jaspal Kaur

Petition Under Section 13 (1) (1), (ia) (ib) of Hindu Marriage Act

Publication issued to : 2. Sarwan Kumar F/o Gurmej Singh Basti Machhian Zira Distt. Ferozepur.

In above titled case, the defendant (s)/respondent(s) could not be served. It is ordered that defendant (s)/respondent(s) should appear in person or through counsel on 6.10.2023 at 10.00 a.m.

For details logon to https://highcourtchd.gov.in/?trs=district notice & district=Faridkot

Principal Judge Family Court,
Faridkot
Dated, this day of 22.8.2023

COURT NOTICE

In the Court of
Ms. Aman Sharma
Civil Judge (Senior
Division), Pathankot.
CNR No. PBPO02-000184-2023
Next Date : 6.9.2023
Amarjit Kaur
Versus
General Public

Publication issued to : General Public, General Public

In above titled case, the defendant (s)/respondent(s) could not be served. It is ordered that defendant (s)/respondent(s) should appear in person or through counsel on 6.9.2023 at 10.00 a.m.

For details logon to https://highcourtchd.gov.in/?trs=district notice & district=Pathankot

Civil Judge (Senior Division),
Pathankot
Dated, this day of 10.8.2023

Public Notice

I, Bhawesh Sharma S/o Sh. Satinder Kumar R/o H.No. 399, First Floor, Near Ram Mandir, Sector-2, Panchkula, Haryana, declare that in birth certificate, the name of my daughter has been mentioned wrongly as "Nora Sharma". Whereas the correct name of my daughter is Tejaswi Sharma. Concerned note. (8433)

ਆਮ ਸੂਚਨਾ

ਮੈਂ, ਰਾਜ ਪਾਲ ਪੁੱਤਰ ਸਵ: ਜੈ ਪਾਲ ਵਾਸੀ ਮਕਾਨ ਨੰ: 120, ਅੰਬਾ ਬੈਲੀ ਨੇੜੇ, ਨਲੋਈਆ ਚੌਕ, ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਭਰਾ ਰਮਨ ਗੁਪਤਾ, ਉਸ ਦੀ ਪਤਨੀ ਕਿਰਨ ਗੁਪਤਾ ਉਰਫ ਕਸ਼ਿਸ਼ ਗੁਪਤਾ, ਇਹਨਾਂ ਦਾ ਲੜਕਾ ਮੋਲਿਕ ਗੁਪਤਾ ਨਾਲ ਮੇਰਾ ਕੋਈ ਰਿਸ਼ਤਾ ਨਹੀਂ ਹੈ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਹਨਾਂ ਦੇ ਹਰ ਕਿਸਮ ਦੇ ਕੀਤੇ ਕਰਾਏ ਆਦਿ ਲਈ ਇਹ ਖੁਦ ਜ਼ਿੰਮੇਵਾਰ ਹੋਣਗੇ। ਸੰਬੰਧਤ ਨੋਟ ਕਰਨ। (ਰਿਤੇਸ਼)

ਮੈਂ, ਭਾਵੇਸ਼ ਸ਼ਰਮਾ ਪੁੱਤਰ ਸ੍ਰੀ ਸਤਿੰਦਰ ਕੁਮਾਰ ਵਾਸੀ ਮਕਾਨ ਨੰ: 399, ਫਸਟ ਫਲੋਰ, ਨੇੜੇ ਰਾਮ ਮੰਦਰ, ਸੈਕਟਰ-2, ਪੰਚਕੂਲਾ, ਹਰਿਆਣਾ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਦੇ ਜਨਮ ਸਰਟੀਫਿਕੇਟ ਵਿੱਚ ਉਸ ਦਾ ਨਾਂਅ ਗਲਤੀ ਨਾਲ ਨੋਰਾ ਸ਼ਰਮਾ ਦਰਜ ਹੈ। ਜਦ ਕਿ ਮੇਰੀ ਲੜਕੀ ਦਾ ਸਹੀ ਨਾਂਅ ਤੇਜਸਵੀ ਸ਼ਰਮਾ (Tejaswi Sharma) ਹੈ। ਸੰਬੰਧਤ ਨੋਟ ਕਰਨ। (8344)

ਸਵ. ਸੋਹਣ ਸਿੰਘ ਪੁੱਤਰ ਸੂਬਾ ਸਿੰਘ ਵਾਸੀ ਮਲਸੀਆਂ ਦੇ ਨਾਮ ਖੁਰਮਪੁਰ (ਸਾਹਕੋਟ) 'ਚ ਚੱਲਦਾ ਮੋਟਰ ਖਾਤਾ ਨੰ. ਏ.ਪੀ.91/213 (12.5) ਨੂੰ ਸੁਰਿੰਦਰ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਮਲਸੀਆਂ ਆਪਣੇ ਨਾਮ ਤਬਦੀਲ ਕਰਵਾਉਣਾ ਚਾਹੁੰਦਾ ਹੈ, ਇਤਰਾਜ਼ ਕਰਤਾ 15 ਦਿਨਾਂ 'ਚ ਐਸ.ਡੀ.ਓ. ਪਾਵਰ ਕਾਮ ਮਲਸੀਆਂ ਨੂੰ ਦੱਸੇ, ਨਹੀਂ ਤਾਂ ਉਕਤ ਖਾਤਾ ਤਬਦੀਲ ਹੋਵੇਗਾ।

ਇੱਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏ ਪੀ 46/0680 ਐੱਲ(303388622) ਜੋ ਕਿ ਜਗਜੀਤ ਸਿੰਘ ਪੁੱਤਰ ਰਘਬੀਰ ਸਿੰਘ ਵਾਸੀ ਪਿੰਡ ਭੰਗਵਾਂ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਚੱਲ ਰਿਹਾ ਹੈ, ਨੂੰ ਰਣਬੀਰ ਸਿੰਘ ਭੰਗੂ ਪੁੱਤਰ ਜਗਜੀਤ ਸਿੰਘ ਵਾਸੀ ਪਿੰਡ ਭੰਗਵਾਂ (ਅੰਮ੍ਰਿਤਸਰ) ਦੇ ਨਾਂਅ 'ਤੇ ਤਬਦੀਲ ਕਰਨ ਦੀ ਅਰਜ਼ੀ ਆਈ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਸ਼ਤਿਹਾਰ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਪੀ ਐੱਸ ਪੀ ਸੀ ਐੱਲ ਉਪ ਮੰਡਲ ਅਫਸਰ ਮਜੀਠਾ ਨੂੰ ਆਪਣਾ ਇਤਰਾਜ਼ ਪੇਸ਼ ਕਰੇ। ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ। (ਆਰ)

ਮੈਂ, ਰਵੇਲ ਸਿੰਘ ਪੁੱਤਰ ਮਹਿੰਗਾ ਸਿੰਘ ਵਾਸੀ ਪਿੰਡ ਰਿਆੜ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਆਪਣੇ ਪੁੱਤਰ ਕਰਮ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਸੀ ਨੂੰ ਬੇਦਖਲ ਕਰ ਦਿੱਤਾ ਸੀ ਅਤੇ ਅਖਬਾਰਾਂ ਵਿੱਚ ਬੇਦਖਲੀ ਨੋਟਿਸ ਵੀ ਪਬਲਿਸ਼ ਕਰਵਾਇਆ ਸੀ। ਹੁਣ ਮੇਰਾ ਪੁੱਤਰ ਕਰਮ ਸਿੰਘ ਮੇਰੇ ਅਤੇ ਮੇਰੀ ਪਤਨੀ ਦੇ ਕਹਿਣੇ ਵਿੱਚ ਹੈ। ਇਸ ਲਈ ਮੈਂ ਆਪਣੀ ਮਰਜ਼ੀ ਨਾਲ ਆਪਣੇ ਪੁੱਤਰ ਕਰਮ ਸਿੰਘ ਦੀ ਬੇਦਖਲੀ ਰੱਦ ਕਰਦਾ ਹਾਂ। ਇਹ ਮੇਰੀ ਸਾਰੀ ਚੱਲ-ਅਚੱਲ ਜਾਇਦਾਦ 'ਚ ਹੱਕਦਾਰ ਹੋਵੇਗਾ। ਸੰਬੰਧਤ ਨੋਟ ਕਰਨ। (ਬੈਂਕ)

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ 3004531171 ਗੁਰਮੀਤ ਕੌਰ ਪਤਨੀ ਗੁਰਭੇਜ ਸਿੰਘ ਵਾਸੀ ਮੰਡਿਆਲਾ ਤੋਂ ਨਾਂਅ ਬਦਲੀ ਕਰਕੇ ਸੁਖਵਿੰਦਰ ਸਿੰਘ ਪੁੱਤਰ ਅਮਰੀਕ ਸਿੰਘ ਪਿੰਡ ਮੰਡਿਆਲਾ ਦੇ ਨਾਂਅ ਪਰ ਕਰਨਾ ਹੈ, ਕੋਈ ਵੀ ਇਤਰਾਜ਼ ਤੀਹ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ 3004531172 ਗੁਰਮੀਤ ਕੌਰ ਪਤਨੀ ਗੁਰਭੇਜ ਸਿੰਘ ਵਾਸੀ ਮੰਡਿਆਲਾ ਤੋਂ ਨਾਂਅ ਬਦਲੀ ਕਰਕੇ ਸੁਖਵਿੰਦਰ ਸਿੰਘ ਪੁੱਤਰ ਅਮਰੀਕ ਸਿੰਘ ਪਿੰਡ ਮੰਡਿਆਲਾ ਦੇ ਨਾਂਅ ਪਰ ਕਰਨਾ ਹੈ, ਕੋਈ ਵੀ ਇਤਰਾਜ਼ ਤੀਹ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ 3004530833 ਅਰਜਨ ਸਿੰਘ ਪੁੱਤਰ ਬਘੇਲ ਸਿੰਘ ਵਾਸੀ ਮੰਡਿਆਲਾ ਤੋਂ ਨਾਂਅ ਬਦਲੀ ਕਰਕੇ ਸੁਖਵਿੰਦਰ ਸਿੰਘ ਪੁੱਤਰ ਅਮਰੀਕ ਸਿੰਘ ਪਿੰਡ ਮੰਡਿਆਲਾ ਦੇ ਨਾਂਅ ਪਰ ਕਰਨਾ ਹੈ, ਕੋਈ ਵੀ ਇਤਰਾਜ਼ ਤੀਹ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ 300816-3143 ਸੁਰਿੰਦਰਪਾਲ ਕੌਰ ਪਤਨੀ ਨਵਜੋਤ ਸਿੰਘ ਵਾਸੀ ਬਾਂਗੀਵਾਲ ਤੋਂ ਨਾਂਅ ਬਦਲੀ ਕਰਕੇ ਨਿਰਮਲ ਸਿੰਘ ਪੁੱਤਰ ਭਗਵਾਨ ਸਿੰਘ ਪਿੰਡ ਬਾਂਗੀਵਾਲ ਦੇ ਨਾਂਅ ਪਰ ਕਰਨਾ ਹੈ, ਕੋਈ ਵੀ ਇਤਰਾਜ਼ ਤੀਹ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ।

ਮੈਂ, ਜੇਸੀ ਸਿੰਘ ਪੁੱਤਰ ਹਾਕਮ ਸਿੰਘ ਵਾਸੀ ਕੋਟੜਾ ਲਹਿਲ, ਤਹਿਸੀਲ ਲਹਿਰਾ, ਜ਼ਿਲ੍ਹਾ ਸੰਗਰੂਰ ਬਿਆਨ ਕਰਦਾ ਹਾਂ ਕਿ ਮੇਰੇ ਅਧਾਰ ਕਾਰਡ ਵਿੱਚ ਮੇਰਾ ਨਾਂਅ ਅੰਗਰੇਜ਼ੀ ਵਿੱਚ Jazzy Singh ਲਿਖਿਆ ਹੋਇਆ ਹੈ, ਜੋ ਕਿ ਸਹੀ ਵ ਦਰੁਸਤ ਲਿਖਿਆ ਹੋਇਆ ਹੈ, ਜੋ ਮੇਰੇ ਪਾਸਪੋਰਟ ਵਿੱਚ ਮੇਰਾ ਨਾਂਅ Jagee Singh ਲਿਖਿਆ ਹੋਇਆ ਹੈ, ਜੋ ਗਲਤ ਲਿਖਿਆ ਹੋਇਆ ਹੈ। ਹੁਣ ਮੇਰਾ ਨਾਂਅ Jagee Singh ਤੋਂ ਬਦਲ ਕੇ Jazzy Singh ਸਮਝਿਆ ਜਾਵੇ।

ਅਸੀਂ, ਗਿਆਨ ਚੰਦ ਪੁੱਤਰ ਬਤਨ ਚੰਦ ਅਤੇ ਰਾਮ ਪਿਆਰੀ ਪਤਨੀ ਗਿਆਨ ਚੰਦ ਵਾਸੀਆਨ ਬੀ-9, ਮੁਹੱਲਾ ਸੰਤੋਖਪੁਰਾ, ਜਲੰਧਰ ਬਿਆਨ ਕਰਦੇ ਹਾਂ ਕਿ ਅਸੀਂ ਆਪਣੇ ਲੜਕੇ ਵਿਜੈ ਕੁਮਾਰ ਅਤੇ ਉਸਦੀ ਪਤਨੀ ਸਾਵਲੀ ਅਤੇ ਇਨ੍ਹਾਂ ਦੇ ਬੱਚੇ ਕਰਨਵੀਰ ਤੇ ਜਾਨਵੀ ਨੂੰ ਸਾਡੇ ਕਹਿਣੇ ਵਿੱਚ ਨਾ ਹੋਣ ਕਰਕੇ ਅਖ਼ਬਾਰ ਰਾਹੀਂ ਬੇਦਖਲ ਕੀਤਾ ਸੀ। ਹੁਣ ਇਹ ਸਾਰੇ ਸਾਡੇ ਕਹਿਣੇ ਵਿੱਚ ਹਨ। ਅਸੀਂ ਇਹਨਾਂ ਦੀ ਬੇਦਖਲੀ ਵਾਪਿਸ ਲੈਂਦੇ ਹਾਂ। ਹੁਣ ਇਹ ਸਾਡੀ ਚੱਲ-ਅਚੱਲ ਜਾਇਦਾਦ ਦੇ ਵਾਰਿਸ ਹੋਣਗੇ। ਸਬੰਧਿਤ ਨੋਟ ਕਰਨ।

ਬੇਦਖਲੀ ਨੋਟਿਸ

ਅਸੀਂ, ਬਲਦੇਵ ਸਿੰਘ ਪੁੱਤਰ ਸ. ਮਹਿੰਦਰ ਸਿੰਘ ਅਤੇ ਚਰਨਜੀਤ ਕੌਰ ਪਤਨੀ ਬਲਦੇਵ ਸਿੰਘ ਦੋਨੋਂ ਵਾਸੀਆਨ ਹਰਗੋਬਿੰਦ ਨਗਰ, ਧੋਗੜੀ ਰੋਡ, ਰੇਰੂ, ਜ਼ਿਲਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਹਰਜੀਤ ਸਿੰਘ (ਹੈਪੀ) ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈਂ, ਉਪਕਾਰ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਮਕਾਨ ਨੰਬਰ 173, ਵੀਨਸ ਵੈਲੀ ਨੇੜੇ ਬਾਬਾ ਮੋਹਨ ਦਾਸ ਨਗਰ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਸਿਮਰਨਜੀਤ ਸਿੰਘ ਅਤੇ ਉਸਦੀ ਪਤਨੀ ਮਨਦੀਪ ਕੌਰ ਦੋਵੇਂ ਮੇਰੇ ਕਹਿਣੇ ਤ

23-AUG-PAGE-7.qxd 8/22/2023 10:31 PM Page 1

ਰਾਮਾ ਮੰਡੀ ਦੇ ਇੱਕ ਆੜ੍ਹਤੀਏ ਤੇ ਕਿਸਾਨਾਂ ਵਿਚਕਾਰ ਤਣਾਅ ਹੋਰ ਵਧਿਆ

■ ਮਾਮਲਾ ਜ਼ਮੀਨ ਦੀ ਕੁਰਕੀ ਨਾ ਹੋਣ ਦੇਣ ਪਿੱਛੋਂ ਗ੍ਰਿਫ਼ਤਾਰੀ ਵਾਰੰਟ ਜਾਰੀ ਹੋਣ ਤੱਕ ਪੁੱਜਿਆ

ਤਲਵੰਡੀ ਸਾਬੋ (ਜਗਦੀਪ ਗਿੱਲ)-ਸੋਮਵਾਰ ਚੱਠੇ ਵਾਲਾ ਦੇ ਕਿਸਾਨ ਮੇਜਰ ਸਿੰਘ ਪੁੱਤਰ ਜੀਤ ਸਿੰਘ ਨੂੰ ਕਰਜ਼ੇ ਬਦਲੇ ਕੁਰਕੀ ਨਾ ਹੋਣ ਦੇਣ ਕਾਰਨ ਅਦਾਲਤ ਵੱਲੋਂ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ ਸਨ, ਜਿਸ ਕਾਰਨ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਤਲਵੰਡੀ ਸਾਬੋ ਵੱਲੋਂ ਵੱਡਾ ਇਕੱਠ ਕਰਕੇ ਸ਼ਹਿਰ ਵਿੱਚ ਰੋਸ ਪ੍ਰਦਰਸ਼ਨ ਕੱਢ ਕੇ ਗ੍ਰਿਫਤਾਰੀ ਲਈ ਪੇਸ਼ ਕੀਤਾ ਗਿਆ, ਪਰ ਅਦਾਲਤ ਵੱਲੋਂ ਇੱਕ ਮਹੀਨੇ ਦਾ ਕਿਸਾਨ ਨੂੰ ਹੋਰ ਸਮਾਂ ਦੇ ਕੇ ਸੈਟਲਮੈਂਟ ਕਰਨ ਲਈ ਕਿਹਾ ਗਿਆ ਹੈ। ਪਿਛਲੇ ਕਈ ਸਾਲਾਂ ਤੋਂ ਪਿੰਡ ਚੱਠੇ ਵਾਲਾ ਦੇ ਕੁਝ ਕਿਸਾਨਾਂ ਦੀ ਜ਼ਮੀਨਾਂ ਦੀ ਨਿਲਾਮੀ ਰਾਮਾ ਮੰਡੀ ਦੇ ਸੂਦਖੋਰ ਆੜ੍ਹਤੀਏ ਅਸ਼ੋਕ ਕੁਮਾਰ ਪੁੱਤਰ ਰਾਮ ਕੁਮਾਰ ਤੇ ਰਾਮ ਕੁਮਾਰ ਪੁੱਤਰ ਪ੍ਰੀਤਮ ਸਿੰਘ ਵੱਲੋਂ ਲਿਆਂਦੀ ਜਾ ਰਹੀ ਹੈ, ਪਰ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ 2004 ਤੋਂ ਲਗਾਤਾਰ ਕੁਰਕੀਆਂ ਦਾ ਵਿਰੋਧ ਕੀਤਾ ਜਾਂਦਾ ਰਿਹਾ ਹੈ।

ਜ਼ਿਲ੍ਹਾ ਬਠਿੰਡਾ ਦੇ ਆਗੂ ਜਗਦੇਵ ਸਿੰਘ ਜੋਗੇਵਾਲਾ ਨੇ ਦੱਸਿਆ ਕਿ ਅੱਜ ਮਲਕਾਣਾ ਦੇ ਇੱਕ ਹੋਰ ਕਿਸਾਨ ਹਰਦੇਵ ਸਿੰਘ ਦੀ ਜ਼ਮੀਨ ਦੀ ਨਿਲਾਮੀ ਰੋਕੀ ਗਈ। ਕਿਸਾਨ ਆਗੂ ਨੇ ਦੱਸਿਆ ਕਿ ਅਦਾਲਤ ਵੱਲੋਂ ਜ਼ਮੀਨਾਂ ਦੀ ਕਰਜ਼ੇ ਬਹਾਨੇ ਨਿਲਾਮੀ ਲਿਆਉਣ ਦੇ ਨਾਲ ਨਾਲ ਜ਼ਮੀਨ ਦੀ ਨਿਲਾਮੀ ਨਾ ਹੋਣ 'ਤੇ ਜੇਲ੍ਹ ਭੇਜਣ ਦੇ ਹੁਕਮ ਦਿੱਤੇ ਜਾ ਰਹੇ ਹਨ, ਜਿਸ ਦੇ ਦਬਾਅ ਤਹਿਤ ਕਿਸਾਨ ਆੜ੍ਹਤੀਏ ਨੂੰ ਜ਼ਮੀਨ ਜਾਂ ਜ਼ਮੀਨ ਵੇਚ ਕੇ ਪੈਸੇ ਦੇਣ ਲਈ ਮਜਬੂਰ ਕਰ ਰਹੀਆਂ ਹਨ। ਇਹ ਨੰਗੇ ਰੂਪ ਵਿੱਚ ਸਪੱਸ਼ਟ ਹੋ ਗਿਆ ਹੈ ਕਿ ਸਰਕਾਰ ਤੇ ਅਦਾਲਤਾਂ ਸੂਦਖੋਰ ਆੜ੍ਹਤੀਆਂ ਦੇ ਹੱਕ ਵਿੱਚ ਭੁਗਤ ਰਹੀਆਂ ਹਨ, ਜਿਸ ਦੇ ਸਿੱਟੇ ਵਜੋਂ ਕਿਸਾਨਾਂ ਦੇ ਮਾਨਸਿਕ ਪੱਖੋਂ ਦਬਾਅ ਪਾਇਆ ਜਾ ਰਿਹਾ ਹੈ ਤੇ ਆਰਥਿਕ ਤੌਰ 'ਤੇ ਕਿਸਾਨ ਪਹਿਲਾਂ ਹੀ ਜੂਝ ਰਿਹਾ ਹੈ। ਨੰਗਾ ਚਿੱਟਾ ਸੂਦਖੋਰ ਆੜ੍ਹਤੀਆਂ ਦੇ ਹੱਕ ਵਿੱਚ ਸਰਕਾਰ ਤੇ ਅਦਾਲਤਾਂ ਹੋ ਗਈਆਂ ਹਨ, ਜਿਸ ਦੇ ਸਿੱਟੇ ਮਾੜੇ ਹੋਣਗੇ। ਅੱਜ ਦੇ ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਨੇ ਦੱਸਿਆ ਕਿ ਪਹਿਲਾਂ ਵਾਲੀ ਕੈਪਟਨ ਹਕੂਮਤ ਵਾਲੀ ਕਾਂਗਰਸ ਸਰਕਾਰ ਵੀ ਕਿਸਾਨਾਂ ਦੀਆਂ ਕਰਜ਼ਾ/ਕੁਰਕੀ ਖਤਮ ਕਰਨ ਦੇ ਵਾਅਦੇ ਨਾਲ ਸੱਤਾ ਵਿੱਚ ਆਈ ਸੀ, ਪਰ ਕਿਸਾਨਾਂ ਦੀਆਂ ਜ਼ਮੀਨਾਂ ਦੀਆਂ ਨਿਲਾਮੀਆਂ ਉਸੇ ਤਰ੍ਹਾਂ ਜਾਰੀ ਰਹੀਆਂ। ਹੁਣ ਨਵੇਂ ਬਦਲ ਦੀ ਉਮੀਦ ਨਾਲ ਚੁਣੀ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਲੋਕਾਂ ਨੂੰ ਕੁਝ ਆਸਾਂ ਜਾਗੀਆਂ ਸਨ, ਪਰ ਇਹ ਸਰਕਾਰ ਵੀ ਪਹਿਲਾਂ ਵਾਲੀਆਂ ਸਰਕਾਰਾਂ ਤੋਂ ਕਿਸਾਨ ਮਜ਼ਦੂਰ ਵਿਰੋਧੀ ਨੀਤੀਆਂ ਨੂੰ ਲਾਗੂ ਕਰਨ ਲਈ ਦੋ ਕਦਮ ਅੱਗੇ ਹੋ ਕੇ ਚੱਲ ਰਹੀ ਹੈ।

ਧਰਨੇ ਨੂੰ ਸੰਬੋਧਨ ਕਰਦਿਆਂ ਬਲਾਕ ਤਲਵੰਡੀ ਸਾਬੋ ਦੇ ਮੀਤ ਪ੍ਰਧਾਨ ਕੁਲਵਿੰਦਰ ਸਿੰਘ ਗਿਆਨ ਨੇ ਸੰਘਰਸ਼ੀ ਲੋਕਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਵੱਡੇ ਸੰਘਰਸ਼ ਵਿੱਢਣੇ ਪੈਣਗੇ ਤਾਂ ਹੀ ਜ਼ਮੀਨਾਂ ਬਚਾ ਸਕਾਂਗੇ। ਬਲਾਕ ਜਨਰਲ ਸਕੱਤਰ ਕਾਲਾ ਚੱਠੇ ਵਾਲਾ ਨੇ ਕਿਹਾ ਕਿ ਕਰਜ਼ੇ ਬਦਲੇ ਕਿਸੇ ਵੀ ਕਿਸਾਨ ਮਜ਼ਦੂਰ ਦੀ ਜ਼ਮੀਨ, ਘਰ ਤੇ ਸੰਦਾਂ ਦੀ ਨਿਲਾਮੀ ਨਹੀਂ ਹੋਣ ਦਿੱਤੀ ਜਾਵੇਗੀ, ਕਿਉਂਕਿ ਕਿਸਾਨਾਂ-ਮਜ਼ਦੂਰਾਂ ਸਿਰ ਕਰਜ਼ੇ ਚੜ੍ਹਨ ਦੀਆਂ ਇਹ ਜ਼ਿੰਮੇਵਾਰ ਸਰਕਾਰਾਂ ਹਨ, ਜਿਨ੍ਹਾਂ ਦੀਆਂ ਕਾਰਪੋਰੇਟ, ਸਰਮਾਏਦਾਰ, ਜਗੀਰਦਾਰ ਤੇ ਸੂਦਖੋਰਾਂ ਪੱਖੀ ਨੀਤੀਆਂ ਕਾਰਨ ਕਿਸਾਨਾਂ ਸਿਰ ਲਗਾਤਾਰ ਕਰਜ਼ਾ ਵਧ ਰਿਹਾ ਹੈ। ਕਿਸਾਨ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਸੂਦਖੋਰੀ ਨੂੰ ਨੱਥ ਪਾਉਂਦਾ ਕਿਸਾਨ ਮਜ਼ਦੂਰ ਪੱਖੀ ਕਾਨੂੰਨ ਬਣਾਇਆ ਜਾਵੇ, ਸੂਦਖੋਰ ਆੜ੍ਹਤੀਆਂ ਵੱਲੋਂ ਲੁੱਟ ਦੇ ਧੰਦੇ ਨਾਲ ਬਣਾਈ ਨਾਜਾਇਜ਼ ਜਾਇਦਾਦ ਦੀ ਜਾਂਚ ਕਰਾਈ ਜਾਵੇ, ਆੜ੍ਹਤੀਆਂ ਦਾ ਕਿਸਾਨਾਂ ਨਾਲ ਲੈਣ ਦੇਣ ਸਬੰਧੀ ਪਾਸ ਬੁੱਕਾਂ ਜਾਰੀ ਕੀਤੀਆਂ ਜਾਣ, ਕਿਸਾਨਾਂ ਮਜ਼ਦੂਰਾਂ ਸਿਰ ਚੜ੍ਹਿਆ ਸਾਰਾ ਕਰਜ਼ਾ ਖ਼ਤਮ ਕੀਤਾ ਜਾਵੇ। ਇਸ ਸਮੇਂ ਬਲਾਕ ਤਲਵੰਡੀ ਸਾਬੋ ਦੇ ਆਗੂ ਕਲੱਤਰ ਸਿੰਘ ਕਲਾਲਵਾਲਾ, ਬਲਾਕ ਮੌੜ ਦੇ ਆਗੂ ਗੁਰਜੀਤ ਸਿੰਘ ਬੰਗੇਹਰ ਤੇ ਪਿੰਡ ਇਕਾਈ ਦੇ ਆਗੂਆਂ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ-ਮਜ਼ਦੂਰ ਧਰਨੇ ਵਿੱਚ ਹਾਜ਼ਰ ਹੋਏ। ਕਿਸਾਨ ਆਗੂਆਂ ਨੇ ਕਿਹਾ ਕਿ ਅੱਜ ਕਿਸੇ ਵੀ ਕਿਸਾਨ ਦੀ ਕੁਰਕੀ ਨਹੀਂ ਹੋਣ ਦਿੱਤੀ ਗਈ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਕਿਸਾਨ ਵੀਰਾਂ ਦੇ ਨਾਲ ਸਹਿਯੋਗ ਲਈ ਖੜੇ ਰਹਾਂਗੇ ਤੇ ਸਰਕਾਰ ਨੂੰ ਚਿਤਾਵਨੀ ਦਿੰਦੇ ਹਾਂ ਕਿ ਜੋਕਾਂ ਦਾ ਸਾਥ ਛੱਡ ਕੇ ਲੋਕਾਂ ਦੇ ਹੱਕ ਵਿੱਚ ਫੈਸਲੇ ਲੈਣ ਦੀ ਪਿਰਤ ਪਾਉਣੀ ਚਾਹੀਦੀ ਹੈ, ਨਹੀਂ ਤਾਂ ਸਰਕਾਰ ਦਾ ਹਸ਼ਰ ਮਾੜਾ ਹੋਵੇਗਾ।

ਰਿਸ਼ਵਤ ਦੇ ਪੈਸਿਆਂ ਸਮੇਤ ਭੱਜੇ ਥਾਣੇਦਾਰ ਦੀ ਗੱਡੀ ਬੇਕਾਬੂ ਹੋ ਖੰਭੇ 'ਚ ਵੱਜੀ, ਵਿਜੀਲੈਂਸ ਨੇ ਦਬੋਚਿਆ

ਖੰਭੇ 'ਚ ਵੱਜੀ ਨਜ਼ਰ ਆ ਰਹੀ ਏ.ਐੱਸ.ਆਈ. ਦੀ ਗੱਡੀ ਤੇ ਮੌਕੇ 'ਤੇ ਲਿਖਤੀ ਕਾਰਵਾਈ ਕਰਦੇ ਵਿਜੀਲੈਂਸ ਮੁਲਾਜ਼ਮ।

ਬਠਿੰਡਾ (ਪਰਵਿੰਦਰ ਜੀਤ ਸਿੰਘ)-ਵਿਜੀਲੈਂਸ ਨੇ ਰਿਸ਼ਵਤ ਦੇ ਪੈਸੇ ਲੈ ਕੇ ਗੱਡੀ 'ਤੇ ਭਜ ਨਿਕਲੇ ਤਲਵੰਡੀ ਸਾਬੋ ਥਾਣੇ ਦੇ ਇੱਕ ਥਾਣੇਦਾਰ ਨੂੰ ਪਿੱਛਾ ਕਰਦਿਆਂ, ਉਦੋਂ ਜਾ ਦਬੋਚਿਆ, ਜਦੋਂ ਥਾਣੇਦਾਰ ਦੀ ਗੱਡੀ ਤਲਵੰਡੀ ਸਾਬੋ-ਸਰਦੂਲਗੜ੍ਹ ਰੋਡ 'ਤੇ ਬੇਕਾਬੂ ਹੋ ਇੱਕ ਖੰਭੇ ਨਾਲ ਜਾ ਟਕਰਾਈ। ਵਿਜੀਲੈਂਸ ਨੇ ਰਿਸ਼ਵਤ ਦੇ ਪੰਜ ਹਜ਼ਾਰ ਰੁਪਏ ਸਮੇਤ ਕਾਬੂ ਕੀਤੇ ਉਕਤ ਥਾਣੇਦਾਰ ਖਿਲਾਫ ਮਾਮਲਾ ਦਰਜ ਕਰਦਿਆਂ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਸਬ ਡਵੀਜ਼ਨ ਤਲਵੰਡੀ ਸਾਬੋ ਦੀ ਵੀਰਪਾਲ ਕੌਰ ਲੋਕਾਂ ਨੂੰ ਪ੍ਰਾਈਵੇਟ ਕੰਪਨੀ ਤੋਂ ਲੋਨ ਦੁਆਉਣ ਦਾ ਕੰਮ ਕਰਦੀ ਹੈ ਅਤੇ ਇਸੇ ਕੜੀ ਵਿੱਚ ਉਸ ਨੇ ਪਿੰਡ ਦੇ ਲਖਵੀਰ ਸਿੰਘ ਪੁੱਤਰ ਲਾਭ ਸਿੰਘ ਨੂੰ ਲੋਨ ਦੁਆਇਆ ਸੀ। ਲਖਵੀਰ ਸਿੰਘ ਵੱਲੋਂ ਲੋਨ ਸਮੇਂ 'ਤੇ ਨਾ ਭਰਨ ਕਰਕੇ ਵੀਰਪਾਲ ਕੌਰ ਨੇ ਇਸ ਦੀ ਸ਼ਿਕਾਇਤ ਥਾਣਾ ਤਲਵੰਡੀ ਸਾਬੋ ਵਿਖੇ ਕੀਤੀ ਤੇ ਜਾਂਚ ਦਾ ਕੰਮ ਏ.ਐੱਸ.ਆਈ. ਜਗਰੂਪ ਸਿੰਘ ਕੋਲ ਆ ਗਿਆ। ਵਿਜੀਲੈਂਸ ਵੱਲੋਂ ਮੁਹੱਈਆ ਜਾਣਕਾਰੀ ਅਨੁਸਾਰ ਏ.ਐੱਸ.ਆਈ. ਜਗਰੂਪ ਸਿੰਘ ਨੇ ਲਖਵੀਰ ਸਿੰਘ ਨੂੰ ਉਕਤ ਮਾਮਲੇ 'ਚੋਂ ਕੱਢਣ 'ਤੇ 10 ਹਜ਼ਾਰ ਰੁਪਏ ਰਿਸ਼ਵਤ ਦੀ ਮੰਗ ਕੀਤੀ, ਜਿਸ 'ਤੇ ਲਖਵੀਰ ਸਿੰਘ ਨੇ ਪੰਜ ਹਜ਼ਾਰ ਪਹਿਲਾਂ ਦੇ ਦਿੱਤੇ ਤੇ ਪੰਜ ਹਜ਼ਾਰ ਬਾਅਦ 'ਚ ਦੇਣੇ ਸਨ। ਲਖਵੀਰ ਸਿੰਘ ਵੱਲੋਂ ਵਿਜੀਲੈਂਸ ਨੂੰ ਸ਼ਿਕਾਇਤ ਦਿੱਤੇ ਜਾਣ ਤੋਂ ਬਾਅਦ ਅੱਜ ਜਦੋਂ ਵਿਜੀਲੈਂਸ ਵੱਲੋਂ ਮੁਹੱਈਆ ਕਰਵਾਈ ਪੰਜ ਹਜ਼ਾਰ ਰੁਪਏ ਦੀ ਨਗਦੀ ਲਖਵੀਰ ਸਿੰਘ ਨੇ ਜਿਉਂ ਹੀ ਏ.ਐੱਸ.ਆਈ. ਜਗਰੂਪ ਸਿੰਘ ਨੂੰ ਦਿੱਤੀ ਤਾਂ ਵਿਜੀਲੈਂਸ ਦੀ ਭਿਣਕ ਪੈਂਦਿਆਂ ਹੀ ਜਗਰੂਪ ਸਿੰਘ ਨੇ ਆਪਣੀ ਸਵਿਫਟ ਗੱਡੀ ਨੰ: ਡੀ ਐੱਲ 9 ਸੀ ਐੱਲ 0802 ਤੇਜ਼ੀ ਨਾਲ ਭਜਾ ਲਈ। ਵਿਜੀਲੈਂਸ ਟੀਮ ਨੇ ਇੰਸਪੈਕਟਰ ਅਮਨਦੀਪ ਸਿੰਘ ਦੀ ਅਗਵਾਈ 'ਚ ਜਗਰੂਪ ਸਿੰਘ ਦਾ ਪਿੱਛਾ ਸ਼ੁਰੂ ਕਰ ਦਿੱਤਾ ਤਾਂ ਤਲਵੰਡੀ ਸਾਬੋ ਦੇ ਸਰਦੂਲਗੜ੍ਹ ਰੋਡ 'ਤੇ ਕੋਹੇਨੂਰ ਪੈਲੇਸ ਕੋਲ ਥਾਣੇਦਾਰ ਦੀ ਗੱਡੀ ਤੇਜ਼ ਹੋਣ ਕਾਰਨ ਬੇਕਾਬੂ ਹੋ ਕੇ ਖੰਭੇ ਨਾਲ ਜਾ ਟਕਰਾਈ ਅਤੇ ਮੌਕਾ ਸੰਭਾਲਦਿਆਂ ਵਿਜੀਲੈਂਸ ਅਧਿਕਾਰੀਆਂ ਨੇ ਥਾਣੇਦਾਰ ਨੂੰ ਰਿਸ਼ਵਤ ਦੇ ਪੰਜ ਹਜ਼ਾਰ ਰੁਪਿਆਂ ਸਮੇਤ ਦਬੋਚ ਲਿਆ। ਖਬਰ ਲਿਖੇ ਜਾਣ ਤੱਕ ਵਿਜੀਲੈਂਸ ਵਿਭਾਗ ਨੇ ਕਥਿਤ ਦੋਸ਼ੀ ਪੁਲਸ ਅਧਿਕਾਰੀ ਖਿਲਾਫ ਮਾਮਲਾ ਦਰਜ ਕਰਦਿਆਂ ਅਗਲੇਰੀ ਕਾਰਵਾਈ ਆਰੰਭ ਦਿੱਤੀ ਸੀ।

ਕਾਤਰਾਂ

ਮਾਤਾ ਕ੍ਰਿਸ਼ਨਾ ਦੇਵੀ ਨਮਿੱਤ ਅੰਤਿਮ ਅਰਦਾਸ ਅੱਜ

ਬਰਨਾਲਾ (ਰਾਜਿੰਦਰ ਬਰਾੜ)-ਮਾਤਾ ਕ੍ਰਿਸ਼ਨਾ ਦੇਵੀ (95) ਧਰਮਪਤਨੀ ਸਵ. ਸ਼੍ਰੀ ਦੇਵ ਰਾਜ ਬਾਂਸਲ ਪਟਵਾਰੀ ਦਾ ਪਿਛਲੇ ਦਿਨੀਂ ਦਿਹਾਂਤ ਹੋ ਗਿਆ ਸੀ। ਮਾਤਾ ਜੀ ਬਹੁਤ ਹੀ ਮਿਲਣਸਾਰ, ਮਿੱਠ ਬੋਲੜੇ ਸੁਭਾਅ ਤੇ ਧਾਰਮਿਕ ਚਿੰਤਨ ਕਰਨ ਵਾਲੀ ਔਰਤ ਸਨ। ਉਹ ਹਮੇਸ਼ਾ ਗਊ ਤੇ ਦਾਨ ਸੇਵਾ ਨੂੰ ਤਰਜੀਹ ਦਿੰਦੇ ਸਨ। ਮਾਤਾ ਕ੍ਰਿਸ਼ਨਾ ਦੇਵੀ ਨਮਿੱਤ ਭੋਗ ਤੇ ਅੰਤਿਮ ਅਰਦਾਸ 23 ਅਗਸਤ ਨੂੰ ਸ਼ਾਂਤੀ ਹਾਲ, ਰਾਮਬਾਗ ਰੋਡ ਬਰਨਾਲਾ ਵਿਖੇ ਦੁਪਹਿਰ 1 ਵਜੇ ਤੋਂ 2 ਵਜੇ ਤੱਕ ਹੋਵੇਗੀ। ਇਸ ਮੌਕੇ ਸ਼੍ਰੀ ਬਾਲਾ ਜੀ ਟਰੱਸਟ ਵੱਲੋਂ ਮਾਤਾ ਜੀ ਦੀ ਯਾਦ ਵਿੱਚ 500 ਬੂਟਿਆਂ ਦਾ ਵਿਸ਼ੇਸ਼ ਲੰਗਰ ਲਾਇਆ ਜਾਵੇਗਾ।

ਐਡਵੋਕੇਟ ਅਜੀਤ ਵਰਮਾ ਲੀਗਲ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਨਿਯੁਕਤ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਪੰਜਾਬ ਦੀ ਸਿਰਮੌਰ ਸੰਸਥਾ ਉਪਭੋਗਤਾ ਅਧਿਕਾਰ ਸੰਗਠਨ (ਸੀ ਆਰ ਓ) ਦੇ ਸੂਬਾ ਪ੍ਰਧਾਨ ਪੰਕਜ ਸੂਦ ਵੱਲੋਂ ਮੋਗਾ ਸ਼ਹਿਰ ਦੇ ਅਜੀਤ ਵਰਮਾ ਐਡਵੋਕੇਟ ਨੂੰ ਉਪਭੋਗਤਾ ਅਧਿਕਾਰ ਸੰਗਠਨ ਦੇ ਲੀਗਲ ਸੈੱਲ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਪੰਜਾਬ ਪ੍ਰਧਾਨ ਪੰਕਜ ਸੂਦ ਨੇ ਦੱਸਿਆ ਕਿ ਅਜੀਤ ਵਰਮਾ ਐਡਵੋਕੇਟ ਸ਼ਹਿਰ ਦੇ ਸਮਾਜ ਸੇਵੀ ਕੰਮਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੇ ਹਨ, ਉਨ੍ਹਾਂ ਦੀ ਸੇਵਾ ਭਾਵਨਾ ਨੂੰ ਦੇਖਦੇ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਮੌਕੇ ਅਜੀਤ ਵਰਮਾ ਐਡਵੋਕੇਟ ਨੇ ਕਿਹਾ ਕਿ ਉਪਭੋਗਤਾ ਅਧਿਕਾਰ ਸੰਗਠਨ ਦੇ ਪੰਜਾਬ ਪ੍ਰਧਾਨ ਤੇ ਉਨ੍ਹਾਂ ਦੀ ਟੀਮ ਵੱਲੋਂ ਮੈਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਮੈਂ ਉਸ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਵਾਂਗਾ।

ਯੂ ਕੇ ਇੰਟਰਨੈਸ਼ਨਲ ਸਕੂਲ ਦੀਆਂ ਵਿਦਿਆਰਥਣਾਂ ਦੀ ਜ਼ਿਲ੍ਹਾ ਪੱਧਰੀ ਖੇਡਾਂ ਲਈ ਚੋਣ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਇਲਾਕੇ ਦੀ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਦੇ ਦੀਆਂ ਵਿਦਿਆਰਥਣਾਂ ਨੇ ਪੰਜਾਬ ਸਰਕਾਰ ਵੱਲੋਂ ਹੋਈਆਂ ਜ਼ੋਨਲ ਬਾਸਕਿਟਬਾਲ ਖੇਡਾਂ, ਜੋ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕ੍ਰਿਸ਼ਨਪੁਰਾ ਕਲਾਂ ਵਿੱਚ ਕਰਵਾਈਆਂ ਗਈਆਂ ਸਨ, ਵਿੱਚ ਅੰਡਰ-14 ਤੇ ਅੰਡਰ-17 ਦੇ ਖੇਡ ਮੁਕਾਬਲਿਆਂ ਵਿੱਚ ਜਿੱਤ ਹਾਸਲ ਕੀਤੀ ਤੇ ਵਿਦਿਆਰਥਣਾਂ ਨੂੰ ਜ਼ਿਲ੍ਹਾ ਲੈਵਲ 'ਤੇ ਖੇਡਣ ਲਈ ਮੌਕਾ ਮਿਲਿਆ। ਇਨ੍ਹਾਂ ਖੇਡਾਂ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਤੇ ਅਕੈਡਮੀਆਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਸਵੇਤਾ ਸ਼ਰਮਾ ਨੇ ਬੱਚਿਆਂ ਨੂੰ ਮੁਬਾਰਕਾਂ ਦਿੱਤੀਆਂ ਅਤੇ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਆ। ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ, ਬਲਕਾਰ ਸਿੰਘ ਨੇ ਬੱਚਿਆਂ ਦੀ ਪ੍ਰਸੰਸਾ ਕੀਤੀ ਤੇ ਬੱਚਿਆਂ ਨੂੰ ਵਧਾਈ ਦਿੱਤੀ।

ਨਸ਼ਾ ਵੇਚਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ : ਰਨਦੀਪ ਸ਼ਰਮਾ

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)-ਇੰਸਪੈਕਟਰ ਰਨਦੀਪ ਕੁਮਾਰ ਸ਼ਰਮਾ ਨੇ ਥਾਣਾ ਅਮਲੋਹ ਦਾ ਚਾਰਜ ਸੰਭਾਲਦਿਆਂ ਕਿਹਾ ਕਿ ਅਮਲੋਹ ਥਾਣੇ ਵਿੱਚ ਆਪਣਾ ਕੰਮ ਕਰਵਾਉਣ ਲਈ ਆਉਣ ਵਾਲੇ ਲੋਕਾਂ ਦਾ ਕੰਮ ਪਹਿਲ ਦੇ ਆਧਾਰ ਉੱਤੇ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਲਾਕੇ ਅੰਦਰ ਨਸ਼ਾ ਵੇਚਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ, ਉਥੇ ਹੀ ਨਸ਼ੇ ਦੇ ਖਾਤਮੇ ਲਈ ਲੋਕ ਵੀ ਪੁਲਸ ਦਾ ਸਹਿਯੋਗ ਕਰਨ ਤੇ ਨਸ਼ਾ ਵੇਚਣ ਵਾਲਿਆਂ ਦੀ ਸੂਚਨਾ ਦੇਣ ਵਾਲੇ ਵਿਅਕਤੀਆਂ ਦਾ ਨਾਮ ਗੁਪਤ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਜਿਹੜੇ ਵਿਅਕਤੀ ਬੁਲੇਟ ਮੋਟਰਸਾਈਕਲ 'ਤੇ ਪਟਾਕੇ ਮਾਰਦੇ ਹਨ ਅਤੇ ਪਰੈਸ਼ਰ ਹਾਰਨ ਵਾਹਨਾਂ ਉਤੇ ਲਗਾਏ ਹਨ, ਉਹ ਸੁਧਾਰ ਕਰ ਲੈਣ, ਨਹੀਂ ਤਾਂ ਉਨ੍ਹਾਂ ਖਿਲਾਫ ਵੀ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਨਸ਼ਾ ਵਿਰੋਧੀ ਸਾਂਝੀ ਐਕਸ਼ਨ ਕਮੇਟੀ ਵੱਲੋਂ ਪਹਿਲੀ ਤੋਂ ਵਿਧਾਇਕਾਂ ਦੇ ਘਰਾਂ ਦੇ ਘਿਰਾਓ ਦਾ ਐਲਾਨ

■ ਮੁਕੰਮਲ ਨਸ਼ਾਬੰਦੀ ਤੇ ਪਰਮਿੰਦਰ ਝੋਟੇ ਦੀ ਰਿਹਾਈ ਨੂੰ ਲੈ ਕੇ ਪੱਕਾ ਮੋਰਚਾ ਜਾਰੀ

ਮਾਨਸਾ (ਆਤਮਾ ਸਿੰਘ ਪਮਾਰ)-ਮੁਕੰਮਲ ਨਸ਼ਾ ਬੰਦੀ ਤੇ ਪਰਮਿੰਦਰ ਸਿੰਘ ਝੋਟੇ ਦੀ ਰਿਹਾਈ ਨੂੰ ਲੈ ਕੇ ਪੱਕੇ ਧਰਨੇ 'ਤੇ ਬੈਠੀ ਨਸ਼ਾ ਵਿਰੋਧੀ ਸਾਂਝੀ ਕਮੇਟੀ ਨੇ ਅੱਜ ਆਪਣਾ ਰੁਖ ਤਿੱਖਾ ਕਰਦਿਆਂ ਪਹਿਲ

23-Aug-PAGE- 8 qxd.qxd 8/22/2023 10:35 PM Page 1

ਸੀਨੀਅਰ ਸਿਟੀਜ਼ਨ ਡੇ ਮਨਾਇਆ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਸੀਨੀਅਰ ਸਿਟੀਜਨ ਵੈਲਫੇਅਰ ਕੌਂਸਲ (ਰਜਿ:) ਹੁਸ਼ਿਆਰਪੁਰ ਦੀ ਮੀਟਿੰਗ 21 ਅਗਸਤ ਸੀਨੀਅਰ ਸਿਟੀਜਨ ਡੇ ਦੇ ਸੰਬੰਧ 'ਚ ਦਸ਼ਮੇਸ਼ ਪਾਰਕ ਵਸੰਤ ਵਿਹਾਰ ਡੀ ਸੀ ਰੋਡ ਹੁਸ਼ਿਆਰਪੁਰ ਵਿਖੇ ਪ੍ਰਧਾਨ ਕੇ ਆਰ ਆਹਲੂਵਾਲੀਆ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਸ਼ੁਰੂ ਹੋਣ ਤੇ ਵੈਲਫੇਅਰ ਕੌਂਸਲ ਦੇ ਸੀਨੀਅਰ ਮੈਂਬਰ ਇੰਜ. ਜਸਵੀਰ ਸਿੰਘ ਦੇ ਸਵਰਗਵਾਸ ਹੋਣ 'ਤੇ 2 ਮਿੰਟ ਦਾ ਮੌਨ ਰੱਖ ਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਦਿੱਤੀ ਗਈ। ਸਵ. ਜਸਵੀਰ ਸਿੰਘ ਨੇਤਰਦਾਨ ਸੰਸਥਾ ਦੇ ਮੁੱਖੀ ਸਨ ਅਤੇ ਉਨ੍ਹਾਂ ਨੇ ਵੀ ਆਪਣੀਆਂ ਅੱਖਾਂ ਦਾਨ ਕਰਕੇ ਇਸ ਸੰਸਥਾ ਦਾ ਮਾਣ ਵਧਾਇਆ ਹੈ। ਇਸ ਕੌਂਸਲ ਵਲੋਂ ਉਨ੍ਹਾਂ ਦੀ ਰੂਹ ਨੂੰ ਸ਼ਾਂਤੀ ਅਤੇ ਆਪਣੇ ਚਰਨਾਂ 'ਚ ਨਿਵਾਸ ਅਤੇ ਪ੍ਰੀਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ। ਪ੍ਰਧਾਨ ਇੰਜ. ਕੁਲਦੀਪ ਕੁਮਾਰ ਆਹਲੂਵਾਲੀਆ, ਸਾਬਕਾ ਏ.ਡੀ.ਸੀ. ਸੁਰਜੀਤ ਸਿੰਘ, ਸੂਰਜ ਪ੍ਰਕਾਸ਼ ਆਨੰਦ ਜਨਰਲ ਸਕੱਤਰ ਅਤੇ ਕਰਨਲ ਰਘਬੀਰ ਸਿੰਘ ਨੇ ਸੀਨੀਅਰ ਸਿਟੀਜਨ ਕੌਂਸਲ ਦੇ ਸਾਰੇ ਮੈਂਬਰਾਂ ਨੂੰ ਸੀਨੀਅਰ ਸਿਟੀਜਨ ਡੇ 'ਤੇ ਵਧਾਈ ਦਿੱਤੀ। ਸਾਬਕਾ ਏ ਡੀ ਸੀ ਸੁਰਜੀਤ ਸਿੰਘ ਨੇ ਦੱਸਿਆ ਕਿ ਕਈ ਸੀਨੀਅਰ ਸਿਟੀਜਨ ਜਜਬਾਤ ਜਾਂ ਪਿਆਰ 'ਚ ਆ ਕੇ ਆਪਣੀ ਸਾਰੀ ਜਾਇਦਾਦ ਸਣੇ ਮਕਾਨ ਬੱਚਿਆਂ ਦੇ ਨਾਂਅ ਕਰ ਦਿੰਦੇ ਹਨ, ਪਰ ਬਾਅਦ 'ਚ ਬੱਚੇ ਮਾਂ-ਬਾਪ ਨੂੰ ਘਰੋਂ ਹੀ ਕੱਢ ਦਿੰਦੇ ਹਨ, ਪਰ ਹੁਣ ਉਹ ਵੀ ਆਪਣੀ ਜਾਇਦਾਦ ਨੂੰ ਕਾਨੂੰਨੀ ਤੌਰ 'ਤੇ ਲੈ ਸਕਦੇ ਹਨ, ਉਨ੍ਹਾਂ ਨੇ ਤਕੀਦ ਕੀਤੀ ਕਿ ਜਿਉਂਦੇ ਜੀ ਆਪਣੀ ਜਾਇਦਾਦ ਬੱਚਿਆਂ ਦੇ ਨਾਂਅ ਕੀਤੀ ਜਾਵੇ ਤਾਂ ਜੋ ਬੁਢਾਪੇ 'ਚ ਕਚਹਿਰੀਆਂ ਦੇ ਚੱਕਰ ਨਾ ਕੱਟਣੇ ਪੈਣ। ਉਨ੍ਹਾਂ ਸਾਥੀਆਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਮੈਂਬਰ ਇਸ ਕੌਂਸਲ ਨਾਲ ਜੋੜੇ ਜਾਣ ਅਤੇ ਪਿੰਡਾਂ ਵਿੱਚ ਵੀ ਸੀਨੀਅਰ ਸਿਟੀਜਨਾਂ ਨੂੰ ਇਸ ਸੰਸਥਾ ਨਾਲ ਜੋੜਿਆ ਜਾਵੇ। ਮੀਟਿੰਗ ਵਿੱਚ ਪ੍ਰੋਮ ਕਾਹਲੋਂ, ਵੀ.ਐਸ.ਗਿੱਲ, ਜਸਵੀਰ ਸਿੰਘ ਪਰਮਾਰ, ਕਿਰਨ ਕੁਮਾਰ ਚੋਪੜਾ, ਜੁਗਿੰਦਰ ਪਾਲ, ਜਰਨੈਲ ਸਿੰਘ ਧੀਰ, ਸੰਤੋਖ ਸਿੰਘ, ਹਰਬੰਸ ਸਿੰਘ, ਗਿਆਨ ਸਿੰਘ ਭਲੇਠੂ, ਆਰ.ਕੇ. ਸ਼ਰਮਾ, ਅਸ਼ੋਕ ਅਤੇ ਗੁਰਮੀਤ ਚੰਦ ਵੀ ਹਾਜ਼ਰ ਸਨ। ਫੈਸਲਾ ਕੀਤਾ ਗਿਆ ਕਿ

ਡਾਕਟਰਾਂ ਦੀ ਵਿਸ਼ੇਸ਼ ਟੀਮ ਵੱਲੋਂ ਸਿਵਲ ਹਸਪਤਾਲ ਦਾ ਨਿਰੀਖਣ

ਫਿਲੌਰ (ਨਿਰਮਲ)- ਅੱਜ ਸਿਵਲ ਹਸਪਤਾਲਾਂ ਦੇ ਪ੍ਰਬੰਧਾਂ ਤੇ ਰੱਖ ਰਖਾਓ ਦੀ ਜਾਂਚ ਲਈ ਸਪੈਸ਼ਲ ਸਿਵਲ ਸਰਜਨ ਡਾ. ਇੰਦੂ ਜੈਨ ਅਤੇ ਡਾ. ਅੰਕਿਤ ਲੁਧਿਆਣਾ ਵੱਲੋਂ ਸਿਵਲ ਹਸਪਤਾਲ ਫਿਲੌਰ ਦਾ ਨਿਰੀਖਣ ਕੀਤਾ ਗਿਆ। ਉਨ੍ਹਾ ਸਿਵਲ ਹਸਪਤਾਲ ਦੇ ਵੱਖ-ਵੱਖ ਵਿਭਾਗਾਂ ਦੀ ਬਰੀਕੀ ਨਾਲ ਜਾਂਚ ਕੀਤੀ ਅਤੇ ਜਿਸ ਦੌਰਾਨ ਡਿਊਟੀ 'ਤੇ ਤਇਨਾਤ ਹਰ ਕਰਮਚਾਰੀ ਤੋਂ ਉਨ੍ਹਾਂ ਦੇ ਕੰਮਕਾਜ ਬਾਰੇ ਪੁੱਛਗਿੱਛ ਕੀਤੀ ਗਈ। ਇਸ ਮੌਕੇ ਡਾ. ਇੰਦੂ ਜੈਨ ਨੇ ਕਿਹਾ ਕਿ ਸਿਵਲ ਹਸਪਤਾਲ ਫਿਲੌਰ ਦੀ ਜਾਂਚ ਦੌਰਾਨ ਪ੍ਰਬੰਧ ਸਹੀ ਪਾਏ ਗਏ। ਫਿਲੌਰ ਦੇ ਹਸਪਤਾਲ ਦੇ ਹਰ ਸਮਾਨ ਦਾ ਰੱਖ ਰਖਾਓ 'ਤੇ ਤਸੱਲੀ ਪ੍ਰਗਟਾਈ। ਪੱਤਰਕਾਰਾਂ ਵੱਲੋਂ ਪੁੱਛੇ ਗਏ ਬਿਜਲੀ ਦੀ ਸਪਲਾਈ ਸੰਬੰਧੀ ਸਵਾਲ ਦੇ ਜਵਾਬ 'ਚ ਕਿਹਾ ਕਿ ਉੱਚ ਅਧਿਕਾਰੀਆਂ ਨੂੰ ਇੱਥੇ ਜਨਰੇਟਰ ਲਗਾਉਣ ਲਈ ਲਿਖਿਆ ਜਾਵੇਗਾ। ਇਸ ਮੌਕੇ ਐਸ.ਐਮ.ਓ ਡਾ. ਰੋਹਿਨੀ, ਡਾ. ਕੁਲਦੀਪ ਰਾਏ, ਡਾ. ਅਮਰਜੀਤ ਸਿੰਘ, ਡਾ, ਸੁਖਵਿੰਦਰ, ਡਾ. ਅਰਚਨਾ, ਰੀਨਾ ਅਤੇ ਹੋਰ ਹਾਜ਼ਰ ਸਨ।

ਬਸੇਸ਼ਰਪੁਰ 'ਚ ਜੰਗੀ ਪੱਧਰ 'ਤੇ ਕਰਵਾਏ ਜਾ ਰਹੇ ਨੇ ਵਿਕਾਸ ਕਾਰਜ : ਬਲਕਾਰ ਸਿੰਘ

ਜਲੰਧਰ (ਸੁਰਿੰਦਰ ਕੁਮਾਰ) ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਸੋਮਵਾਰ ਨੂੰ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੇਂਡੂ ਖੇਤਰਾਂ 'ਚ ਜੰਗੀ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਜਿਲ੍ਹੇ ਦੇ ਪਿੰਡ ਬਸੇਸ਼ਰਪੁਰ ਵਿਖੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੂਬੇ ਦੇ ਲੋਕਾਂ ਨੂੰ ਇਕ ਨਵੀਂ ਉਮੀਦ ਦਿੱਤੀ ਹੈ ਅਤੇ ਦਿੱਤੀ ਹਰ ਗਾਰੰਟੀ ਨੂੰ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਦੇ ਪੇਂਡੂ ਖੇਤਰਾਂ 'ਚ ਵਿਕਾਸ ਕਾਰਜਾਂ ਲਈ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ। ਇਸ ਦੌਰਾਨ ਕੈਬਨਿਟ ਮੰਤਰੀ ਨੇ ਵੱਖ-ਵੱਖ ਸਿਆਸੀ ਪਾਰਟੀਆਂ ਦੇ 60 ਤੋਂ ਵੱਧ ਆਗੂਆਂ ਤੇ ਵਰਕਰਾਂ ਦਾ 'ਆਪ' 'ਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ ਅਤੇ ਆਸ ਪ੍ਰਗਟ ਕੀਤੀ ਕਿ ਉਨ੍ਹਾਂ ਦੇ ਸ਼ਾਮਲ ਹੋਣ ਨਾਲ ਪਿਛਲੀਆਂ ਸਰਕਾਰਾਂ ਵੱਲੋਂ ਤਬਾਹ ਕੀਤੇ ਪੰਜਾਬ ਦੇ ਮੁੜ ਨਿਰਮਾਣ 'ਚ ਮਦਦ ਮਿਲੇਗੀ। 'ਆਪ' 'ਚ ਸ਼ਾਮਲ ਹੋਣ ਵਾਲਿਆਂ 'ਚ ਸਰਪੰਚ ਪਰਮਜੀਤ ਜੱਸਲ, ਪੰਚ ਪਰਮਜੀਤ ਸਿੰਘ ਖਾਲਸਾ, ਚਰਨਜੀਤ ਸਿੰਘ, ਗੁਰਮੇਲ ਲਾਲ ਅਤੇ ਰਵੀਪਾਲ, ਪ੍ਰਧਾਨ ਮਹਿੰਦਰ ਸਿੰਘ, ਜਸਵਿੰਦਰ ਸਿੰਘ, ਪਰਮਜੀਤ ਸੋਨੂੰ, ਧਰਮਿੰਦਰ ਸੁੰਮਨ, ਵਿਜੈ ਕੁਮਾਰ, ਪਰਮਜੀਤ ਸਿੰਘ, ਜਸਵਿੰਦਰ ਸਿੰਘ, ਗੁਰਮੁਖ ਸਿੰਘ, ਸੁਰਜੀਤ ਸਿੰਘ, ਜਸਪਾਲ ਸਿੰਘ, ਗੁਰਵਿੰਦਰ ਸਿੰਘ, ਚਰਨ ਸਿੰਘ, ਮੰਗਤ ਰਾਮ, ਪਰਮਜੀਤ ਸੋਨੂੰ, ਸੁਨੀਤਾ ਰਾਣੀ, ਸੁਰਿੰਦਰ ਕੌਰ, ਬੰਸੋ, ਬਹਾਦਰ ਸਿੰਘ, ਹਰਜਿੰਦਰ ਸਿੰਘ, ਅਮਰ ਕੁਮਾਰ ਆਦਿ ਸ਼ਾਮਲ ਹਨ।

ਪਿੰਡ ਪਥਰਾਲੀਆਂ ਵੱਲੋਂ ਹੜ੍ਹ ਪੀੜਤਾਂ ਲਈ ਹਰੇ ਚਾਰੇ ਦੀ ਸੇਵਾ

ਅੱਡਾ ਸਰਾਂ (ਜਸਵੀਰ ਕਾਜਲ) ਬੀ ਕੇ ਯੂ ਦੋਆਬਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਪਿੰਡ ਪਥਰਾਲੀਆਂ ਵੱਲੋਂ ਨੰਬਰਦਾਰ ਗਗਨਜੀਤ ਸਿੰਘ ਸੀਨੀ. ਮੀਤ ਪਰਧਾਨ ਬੀ ਕੇ ਯੂ ਦੋਆਬਾ ਹੁਸ਼ਿਆਰਪੁਰ ਦੀ ਅਗਵਾਈ ਹੇਠ ਹੜ੍ਹ ਪੀੜਤਾ ਲਈ ਦੋ ਟਰਾਲੀਆ ਹਰੇ ਚਾਰੇ ਦੀ ਸੇਵਾ ਕੀਤੀ ਗਈ। ਇਸ ਮੌਕੇ ਗਗਨਜੀਤ ਸਿੰਘ ਨੇ ਕਿਹਾ ਲੋੜ ਮੁਤਾਬਿਕ ਹੜ੍ਹ ਪੀੜਤਾ ਲਈ ਸੇਵਾ ਜਾਰੀ ਰਹੇਗੀ। ਇਸ ਮੌਕੇ ਹਰਜੀਤ ਸਿੰਘ, ਹਰਪਰੀਤ ਸਿੰਘ, ਯੋਧਵੀਰ ਸਿੰਘ, ਤਰਨਜੀਤ ਸਿੰਘ, ਹਰਪਾਲ ਸਿੰਘ, ਨੂਪਾ, ਹੈਪੀ, ਬੱਬੀ ਖਾਨਪੁਰ, ਬਾਵਾ ਬੁੱਲੋਵਾਲ, ਸੁਖਮਨ, ਯੋਧਵੀਰ, ਕਰਨਵੀਰ, ਜਸਪਾਲ ਸਿੰਘ, ਚਰਨਪਰੀਤ, ਲਾਲੀ, ਪਰਭ ਪਥਰਾਲੀਆਂ ਆਦਿ ਸ਼ਾਮਲ ਹੋਏ।

ਪੰਜਾਬ ਹੋਮਗਾਰਡ ਵੈੱਲਫੇਅਰ ਐਸੋਸੀਏਸ਼ਨ ਦੀ ਹੋਈ ਮੀਟਿੰਗ

ਆਦਮਪੁਰ (ਪਰਮਜੀਤ ਸਿੰਘ) ਪੰਜਾਬ ਹੋਮ ਗਾਰਡ ਵੈਲਫੇਅਰ ਐਸੋਸੀਏਸ਼ਨ ਰਜਿ. ਦੀ ਵਿਸ਼ੇਸ਼ ਮੀਟਿਗ ਆਦਮਪੁਰ ਵਿਖੇ ਕੀਤੀ ਗਈ। ਪੰਜਾਬ ਪੁਲਸ 'ਚ ਸੇਵਾਵਾਂ ਨਿਭਾ ਚੁੱਕੇ ਹੋਮ ਗਾਰਡ ਦੇ ਜਵਾਨਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਇਸ ਮੌਕੇ ਹੋਮਗਾਰਡ ਦੇ ਜਵਾਨ ਸਵਰਨਜੀਤ ਸਿੰਘ ਨੇ ਕਿਹਾ ਕਿ ਸਾਡੇ ਜਵਾਨਾਂ ਨੇ ਹਮੇਸ਼ਾ ਪੰਜਾਬ ਪੁਲਸ ਦੇ ਜਵਾਨਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਕੰਮ ਕੀਤਾ ਹੈ, ਪਰ ਸਰਕਾਰ ਵੱਲੋਂ ਸਾਡੀਆਂ ਕੀਤੀਆਂ ਸੇਵਾਵਾਂ ਨੂੰ ਨਜ਼ਰਅੰਦਾਜ ਕੀਤਾ ਜਾ ਰਿਹਾ ਹੈ। ਸਾਡੇ ਜਵਾਨਾ ਦਾ ਬਣਦਾ ਮਾਣ ਭੱਤਾ ਅਤੇ ਛੇਵਾਂ ਪੇ ਕਮਿਸ਼ਨ ਲਾਗੂ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਆਪਣੀਆਂ ਹੱਕੀ ਮੰਗਾਂ ਦੀ ਖਾਤਰ ਹੋਮਗਾਰਡ ਦੇ ਜਵਾਨਾਂ ਵੱਲੋਂ ਸੋਲਖੀਆਂ ਟੋਲ ਪਲਾਜਾ ਰੋਪੜ ਵਿਖੇ ਕਰੀਬ ਛੇ ਸਾਲ ਤੋਂ ਧਰਨਾ ਲਗਾਇਆ ਹੋਇਆ ਹੈ। ਜਿਸ ਦੌਰਾਨ ਸਾਡੇ ਅੱਠ ਜਵਾਨ ਸ਼ਹੀਦ ਹੋ ਚੁੱਕੇ ਹਨ, ਪਰ ਉਸ ਨਾਲ ਵੀ ਸਰਕਾਰ ਦੇ ਕੰਨਾਂ 'ਤੇ ਜੂੰ ਨਹੀਂ ਸਰਕੀ ਅਤੇ ਸਰਕਾਰਾਂ ਵੱਲੋਂ ਸਾਡੇ ਜਵਾਨਾਂ ਦੀਆਂ ਮੰਗ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਸਾਡੀਆਂ ਮੰਗਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ ਉਨ੍ਹਾਂ ਕਿਹਾ ਕਿ ਹੁਣ ਸਰਕਾਰ ਵੱਲੋਂ ਮੀਟਿੰਗ ਲਈ ਹੁਣ 24 ਅਗਸਤ ਦੀ ਤਰੀਕ ਦਿੱਤੀ ਗਈ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਖਤਿਆਰ ਸਿੰਘ, ਗੁਰਦੇਵ ਸਿੰਘ, ਸਤਨਾਮ ਸਿੰਘ, ਬੂਟਾ ਸਿੰਘ, ਰੇਸ਼ਮ ਸਿੰਘ, ਜਸਵੰਤ ਸਿੰਘ, ਜਤਿੰਦਰ ਪਾਲ, ਸੁਖਦੇਵ ਸਿੰਘ, ਦਿਲਬਾਗ ਸਿੰਘ, ਰਾਜ ਕੁਮਾਰ, ਅਨੂਪ ਸਿੰਘ, ਹੰਸ ਰਾਜ ਅਤੇ ਹੋਰ ਹੋਮਗਾਰਡ ਦੇ ਜਵਾਨ ਹਾਜ਼ਰ ਸਨ।

ਤੀਆਂ ਦਾ ਤਿਉਹਾਰ ਮਨਾਇਆ

ਮੋਹਣੀਆਣਾ (ਜਗਤਾਰ ਸਿੰਘ ਭੁੰਗਰਨੀ)-ਪਿੰਡ ਮੋਨਾ ਕਲਾਂ ਵਿਖੇ ਸਮੂਹ ਨਗਰ ਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆ ਅਤੇ ਇਲਾਕੇ ਦੇ ਸਹਿਯੋਗ ਨਾਲ ਬੀਬੀਆਂ ਭੈਣਾਂ ਵੱਲੋਂ ਤੀਆਂ ਦਾ ਤਿਉਹਾਰ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਮਾਸਟਰ ਸਰਜਿੰਦਰ ਸਿੰਘ ਮੋਨਾ ਕਲਾਂ ਨੇ ਦੱਸਿਆ ਕਿ ਪਿੰਡ ਦੀਆਂ ਬੀਬੀਆਂ ਭੈਣਾ ਵੱਲੋਂ ਪ੍ਰਾਚੀਨ ਰਹੁ ਰੀਤਾਂ ਅਨੁਸਾਰ ਬੋਲੀਆਂ, ਗਿੱਧਾ, ਭੰਗੜਾ ਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਦੌਰਾਨ ਸੁਰਿੰਦਰਪਾਲ ਸਿੰਘ, ਅਜਮੇਰ ਸਿੰਘ ਪੰਚ, ਸਾਬਕਾ ਸਰਪੰਚ ਚਰਨਜੀਤ ਸਿੰਘ, ਡਾਕਟਰ ਅੰਮ੍ਰਿਤਪਾਲ ਸਿੰਘ, ਹਰਮਨ ਸਿੰਘ ਮੋਨਾਂ ਕਲਾਂ, ਸੁਖਵਿੰਦਰ ਸਿੰਘ ਅਤੇ ਸਮੂਹ ਨਗਰ ਨਿਵਾਸੀ ਹਾਜ਼ਰ ਸਨ ਇਸ ਮੌਕੇ ਬੀਬੀਆਂ ਭੈਣਾਂ ਵੱਲੋਂ ਤੀਆਂ ਦੇ ਤਿਉਹਾਰ ਵਿਚ ਸਹਿਯੋਗ ਦੇਣ ਤੇ ਧੰਨਵਾਦ ਕੀਤਾ।

ਕੈਬਨਿਟ ਮੰਤਰੀ ਨੇ 6 ਲੱਖ 65 ਹਜ਼ਾਰ ਰੁਪਏ ਦੀ ਲਾਗਤ ਨਾਲ ਸੜਕ ਦੇ ਨਿਰਮਾਣ ਕਾਰਜ ਦੀ ਕਰਵਾਈ ਸ਼ੁਰੂਆਤ

ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)-ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਵਾਸੀਆਂ ਦੀ ਹਰ ਸਮੱਸਿਆ ਦਾ ਸਮੇਂ ਸਿਰ ਹੱਲ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਤੱਕ ਬੁਨਿਆਦੀ ਸੁਵਿਧਾਵਾਂ ਪਹੁੰਚਾਉਣ ਵਿਚ ਕੋਈ ਕਮੀ ਨਹੀਂ ਛੱਡੀ ਜਾ ਰਹੀ ਹੈ। ਉਹ ਵਾਰਡ ਨੰਬਰ 3 ਵਿਚ 6 ਲੱਖ 65 ਹਜ਼ਾਰ ਰੁਪਏ ਦੀ ਲਾਗਤ ਨਾਲ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਦੌਰਾਨ ਇਲਾਕਾ ਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਡਿਪਟੀ ਮੇਅਰ ਰਣਜੀਤ ਚੌਧਰੀ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਇਲਾਕਾ ਨਿਵਾਸੀਆਂ ਦੀ ਲੰਬੇ ਸਮੇਂ ਤੋਂ ਇਸ ਗਲੀ ਦੇ ਨਿਰਮਾਣ ਕਾਰਜ ਦੀ ਮੰਗ ਸੀ, ਜਿਸ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾ ਰਿਹਾ ਹੈ। ਉਨ੍ਹਾ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਸੜਕ ਦੇ ਨਿਰਮਾਣ ਕਾਰਜ ਨੂੰ ਨਿਰਧਾਰਤ ਸਮੇਂ 'ਚ ਪੂਰਾ ਕਰਨ ਦੇ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਕੰਮ ਦੀ ਗੁਣਵੱਤਾ ਵਿਚ ਕਿਸੇ ਤਰ੍ਹਾਂ ਦੀ ਕੋਈ ਕਮੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਹੋਰ ਪਤਵੰਤਿਆਂ ਤੋਂ ਇਲਾਵਾ ਮੁਹੱਲਾ ਨਿਵਾਸੀ ਵੱਡੀ ਗਿਣਤੀ 'ਚ ਮੌਜੂਦ ਸਨ।

ਖੇਡਾਂ ਵਤਨ ਪੰਜਾਬ ਦੀਆਂ 2023: ਪ੍ਰਸ਼ਾਸਨ ਨੇ ਮਸ਼ਾਲ ਮਾਰਚ ਤੇ ਸੂਬਾ ਪੱਧਰੀ ਮੈਚਾਂ ਲਈ ਤਿਆਰੀਆਂ ਵਿੱਢੀਆਂ

ਜਲੰਧਰ (ਸ਼ੈਲੀ ਐਲਬਰਟ) ਜਿਲ੍ਹਾ ਪ੍ਰਸ਼ਾਸਨ ਨੇ ਖੇਡਾਂ ਵਤਨ ਪੰਜਾਬ ਦੀਆਂ-2023 ਸੰਬੰਧੀ 25 ਅਗਸਤ ਨੂੰ ਜਲੰਧਰ ਵਿਖੇ ਪਹੁੰਚਣ ਵਾਲੇ ਮਸਾਲ ਮਾਰਚ ਦੇ ਸਵਾਗਤ ਤੋਂ ਇਲਾਵਾ 1 ਤੋਂ 6 ਅਕਤੂਬਰ ਤੱਕ ਕਰਵਾਏ ਜਾਣ ਵਾਲੇ ਸੂਬਾ ਪੱਧਰੀ ਮੈਚਾਂ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਹਾਕੀ, ਅਥਲੈਟਿਕਸ ਅਤੇ ਘੋੜਸਵਾਰੀ ਦੇ ਮੈਚ ਬਰਲਟਨ ਪਾਰਕ, ਪੀ ਏ ਪੀ ਅਤੇ ਸਪੋਰਟਸ ਕਾਲਜ ਵਿੱਚ ਹੋਣਗੇ। ਵਧੀਕ ਡਿਪਟੀ ਕਮਿਸ਼ਨਰ ਮੇਜਰ ਡਾ. ਅਮਿਤ ਮਹਾਜਨ ਨੇ ਇੱਥੇ ਤਿਆਰੀਆਂ ਦਾ ਜਾਇਜਾ ਲੈਂਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 29 ਅਗਸਤ ਨੂੰ ਬਠਿੰਡਾ ਵਿਖੇ ਸ਼ੁਰੂ ਹੋਣ ਵਾਲੀਆਂ 'ਖੇਡਾਂ ਵਤਨ ਪੰਜਾਬ ਦੀਆਂ' ਦੇ ਦੂਜੇ ਸੀਜਨ ਸੰਬੰਧੀ ਜਾਗਰੂਕਤਾ ਪੈਦਾ ਕਰਨ ਲਈ ਮਸਾਲ ਮਾਰਚ ਸ਼ੁਰੂ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਮਸਾਲ ਮਾਰਚ 25 ਅਗਸਤ ਨੂੰ ਜਲੰਧਰ ਪਹੁੰਚੇਗਾ, ਜਿਸ ਦਾ ਜਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਜਾਵੇਗਾ। ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਇੱਥੇ 1 ਤੋਂ 6 ਅਕਤੂਬਰ ਤੱਕ ਹੋਣ ਵਾਲੀਆਂ ਖੇਡਾਂ ਦੇ ਸੂਬਾ ਪੱਧਰੀ ਮੈਚਾਂ ਦੇ ਪ੍ਰਬੰਧਾਂ ਦਾ ਵੀ ਜਾਇਜਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਖੇਡਾਂ 'ਚ ਕਰੀਬ 3000 ਖਿਡਾਰੀਆਂ ਦੇ ਭਾਗ ਲੈਣ ਦੀ ਉਮੀਦ ਹੈ, ਜਿਨ੍ਹਾਂ ਲਈ ਭੋਜਨ, ਰਿਹਾਇਸ, ਟਰਾਂਸਪੋਰਟ, ਸੁਰੱਖਿਆ, ਮੈਡੀਕਲ ਸਮੇਤ ਹੋਰ ਲੋੜੀਂਦੀਆਂ ਸਹੂਲਤਾਂ ਨੂੰ ਯਕੀਨੀ ਬਣਾਉਣ ਲਈ ਜਲਦ ਤੋਂ ਜਲਦ ਯੋਜਨਾਬੰਦੀ ਕੀਤੀ ਜਾਵੇ। ਮੀਟਿੰਗ ਵਿੱਚ ਐਸ.ਡੀ.ਐਮ. ਵਿਕਾਸ ਹੀਰਾ ਅਤੇ ਖੇਡ, ਸਿੱਖਿਆ ਅਤੇ ਸਿਹਤ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ।

ਉੱਤਰ ਰੇਲਵੇ

ਈ-ਨਿਵਿਦਾ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਉਪ ਮੁੱ

23-Aug-PAGE- 9 qxd.qxd 8/22/2023 10:36 PM Page 1

ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦਾ ਜ਼ਿਲ੍ਹਾ ਪ੍ਰਧਾਨ ਚੌਲਾਂਗ ਟੋਲ ਪਲਾਜ਼ਾ 'ਤੇ ਧਰਨੇ ਦੌਰਾਨ ਗ੍ਰਿਫ਼ਤਾਰ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦਾ ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ ਤੇ ਜਥੇਬੰਦੀ ਦਾ ਸੂਬਾ ਕਮੇਟੀ ਮੈਂਬਰ ਪਰਮਜੀਤ ਸਿੰਘ ਭੁੱਲਾ ਨੂੰ ਉਨ੍ਹਾਂ ਦੇ ਸਾਥੀਆਂ ਸਮੇਤ ਉਸ ਵੇਲੇ ਗ੍ਰਿਫ਼ਤਾਰ ਕਰ ਲਿਆ ਜਦੋਂ ਉਹ ਜਲੰਧਰ-ਪਠਾਨਕੋਟ ਨੈਸ਼ਨਲ ਹਾਈਵੇ 'ਤੇ ਪੈਂਦੇ ਟੋਲ ਪਲਾਜ਼ਾ 'ਤੇ ਆਪਣੇ ਸੂਬਾ ਆਗੂਆਂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਧਰਨਾ ਪ੍ਰਦਰਸ਼ਨ ਕਰ ਰਿਹਾ ਸੀ। ਇਸ ਤੋਂ ਪਹਿਲਾਂ ਸਵੇਰੇ ਤੜਕਸਾਰ ਵੀ ਭੁੱਲਾ ਨੂੰ ਗ੍ਰਿਫ਼ਤਾਰ ਕਰਨ ਲਈ ਉਨ੍ਹਾਂ ਦੇ ਘਰ ਛਾਪੇਮਾਰੀ ਕੀਤੀ ਗਈ ਸੀ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਸੂਬੇ ਦੀਆਂ 16 ਕਿਸਾਨ ਜਥੇਬੰਦੀਆਂ ਨਾਲ ਮਿਲ ਕੇ 22 ਅਗਸਤ ਨੂੰ ਚੰਡੀਗੜ੍ਹ ਵਿਖੇ ਹੜ੍ਹ ਪੀੜਤਾਂ ਲਈ ਮੁਆਵਜ਼ੇ ਤੇ ਕਿਸਾਨਾਂ ਦੀ ਕਰਜ਼ ਮੁਆਫੀ ਦੀ ਮੰਗ ਕਰਦੇ ਹੋਏ ਭਗਵੰਤ ਮਾਨ ਸਰਕਾਰ ਖਿਲਾਫ ਧਰਨਾ ਪ੍ਰਦਰਸ਼ਨ ਕਰਨਾ ਸੀ। ਪੰਜਾਬ ਪੁਲਸ ਵੱਲੋਂ ਸਵੇਰੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਆਗੂ ਸਰਵਣ ਸਿੰਘ ਪੰਧੇਰ ਨੂੰ ਗ੍ਰਿਫ਼ਤਾਰ ਕਰ ਲਿਆ ਸੀ, ਜਿਸ ਤੋਂ ਬਾਅਦ ਰੋਸ ਵਜੋਂ ਪੂਰੇ ਸੂਬੇ 'ਚ ਕਿਸਾਨਾਂ ਵੱਲੋਂ ਟੋਲ ਪਲਾਜ਼ਿਆਂ 'ਤੇ ਧਰਨਾ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ ਸਨ। ਜਥੇਬੰਦੀ ਦੇ ਸੱਦੇ 'ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦਾ ਜ਼ਿਲ੍ਹਾ ਆਗੂ ਪਰਮਜੀਤ ਸਿੰਘ ਭੁੱਲਾ ਨੇ ਵੀ ਟੋਲ ਪਲਾਜ਼ਾ 'ਤੇ ਸਾਥੀਆਂ ਸਮੇਤ ਪਹੁੰਚ ਕੇ ਟੋਲ ਬੰਦ ਕਰਕੇ ਰੋਸ ਪ੍ਰਦਰਸ਼ਨ ਸ਼ੁਰੂ ਕਰਕੇ ਭਗਵੰਤ ਮਾਨ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਜਿਸ ਦੀ ਸੂਚਨਾ ਮਿਲਣ ਤੋਂ ਬਾਅਦ ਡੀ ਐਸ ਪੀ ਟਾਂਡਾ ਕੁਲਵੰਤ ਸਿੰਘ ਤੇ ਐਸ ਐਚ ਓ ਟਾਂਡਾ ਉਂਕਾਰ ਸਿੰਘ ਬਰਾੜ ਭਾਰੀ ਪੁਲਸ ਫੋਰਸ ਨਾਲ ਮੌਕੇ 'ਤੇ ਪਹੁੰਚੇ ਤੇ ਲਾਠੀਚਾਰਜ ਅਤੇ ਧੱਕਾਸ਼ਾਹੀ ਕਰਦੇ ਹੋਏ ਪਰਮਜੀਤ ਭੁੱਲਾ ਤੇ ਉਨ੍ਹਾਂ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਕੇ ਇਕ ਬੱਸ ਰਾਹੀਂ ਕਿਸੇ ਅਣਦੱਸੀ ਥਾਂ 'ਤੇ ਲੈ ਗਏ।

ਬੰਬੀਹਾ ਗੈਂਗ ਦਾ ਮੁੱਖ ਸਰਗਨਾ ਗ੍ਰਿਫ਼ਤਾਰ ; ਪਿਸਤੌਲ ਬਰਾਮਦ

ਚੰਡੀਗੜ੍ਹ, (ਗੁਰਜੀਤ ਬਿੱਲਾ)-ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਪੰਜਾਬ ਪੁਲਿਸ ਦੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸ.ਐਸ.ਓ.ਸੀ.), ਐਸ.ਏ.ਐਸ.ਨਗਰ ਨੇ ਬੰਬੀਹਾ ਗੈਂਗ ਦੇ ਮੁੱਖ ਸਰਗਨਾ ਨੂੰ ਇੱਕ .30 ਬੋਰ ਪਿਸਤੌਲ ਅਤੇ ਚਾਰ ਜ਼ਿੰਦਾ ਕਾਰਤੂਸ ਸਮੇਤ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਸਿਮਰਨਜੀਤ ਸਿੰਘ ਉਰਫ ਸਿੰਮੀ (25) ਵਾਸੀ ਪਿੰਡ ਵਾਲੀਓ, ਸਮਰਾਲਾ, ਲੁਧਿਆਣਾ ਵਜੋਂ ਹੋਈ ਹੈ। ਮੁਲਜ਼ਮ ਕਈ ਅਪਰਾਧਕ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਥਾਣਾ ਸਮਰਾਲਾ ਵਿਖੇ ਦਰਜ ਹੋਏ ਕਤਲ ਕੇਸ ਵਿੱਚ ਵੀ ਲੋੜੀਂਦਾ ਹੈ। ਏ ਆਈ ਜੀ ਐਸ ਐਸ ਓ ਸੀ ਐਸ ਏ ਐਸ ਨਗਰ ਅਸ਼ਵਨੀ ਕਪੂਰ ਨੇ ਦੱਸਿਆ ਕਿ ਮੁਲਜ਼ਮਾਂ ਦੀ ਗਤੀਤਿਵਧੀਆਂ ਬਾਰੇ ਪੁਖ਼ਤਾ ਸੂਹ ਦੇ ਅਧਾਰ 'ਤੇ ਐਸ ਐਸ ਓ ਸੀ ਐਸ ਏ ਐਸ ਨਗਰ ਦੀਆਂ ਪੁਲਸ ਟੀਮਾਂ ਨੇ ਇੱਕ ਵਿਸ਼ੇਸ਼ ਆਪ੍ਰੇਸ਼ਨ ਚਲਾਇਆ ਅਤੇ ਮੁਲਜ਼ਮ ਸਿਮਰਨਜੀਤ ਸਿੰਮੀ ਨੂੰ ਮੁਹਾਲੀ ਦੇ ਦਾਰਾ ਸਟੂਡੀਓ ਨੇੜਿਓਂ ਗ੍ਰਿਫ਼ਤਾਰ ਕੀਤਾ, ਜਦੋਂ ਉਹ ਪਟਿਆਲੇ ਤੋਂ ਆਪਣੇ ਸਾਥੀ ਨੂੰ ਹਥਿਆਰਾਂ ਦੀ ਖੇਪ ਪਹੁੰਚਾਉਣ ਜਾ ਰਿਹਾ ਸੀ। ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਸਿਮਰਨਜੀਤ ਸਿੰਮੀ ਬੰਬੀਹਾ ਗਰੋਹ ਦਾ ਇੱਕ ਹੋਰ ਪ੍ਰਮੁੱਖ ਮੈਂਬਰ ਜਿਸ ਦੀ ਪਛਾਣ ਜਸਵਿੰਦਰ ਸਿੰਘ ਉਰਫ਼ ਖੱਟੂ ਵਜੋਂ ਹੋਈ ਹੈ, ਦੇ ਨਿਰਦੇਸ਼ਾਂ 'ਤੇ ਕੰਮ ਕਰ ਰਿਹਾ ਸੀ। ਉਨ੍ਹਾ ਦੱਸਿਆ ਕਿ ਜਸਵਿੰਦਰ ਖੱਟੂ, ਜੋ ਕਿ ਹਾਲ ਹੀ 'ਚ ਜ਼ਮਾਨਤ 'ਤੇ ਬਾਹਰ ਆਇਆ ਸੀ ਅਤੇ ਜਾਅਲੀ ਪਛਾਣ ਅਤੇ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਪਾਸਪੋਰਟ ਬਣਵਾ ਕੇ ਭਾਰਤ ਤੋਂ ਵਿਦੇਸ਼ ਚਲਾ ਗਿਆ ਸੀ, 'ਤੇ ਕਈ ਅਪਰਾਧਕ ਕੇਸ ਚੱਲ ਰਹੇ ਹਨ। ਇਸ ਸੰਬੰਧੀ ਭਾਰਤੀ ਦੰਡਾਵਲੀ (ਆਈ.ਪੀ.ਸੀ.) ਦੀ ਧਾਰਾ 25, 25(7), 25(8) ਅਤੇ 120ਬੀ ਤਹਿਤ ਪੁਲਸ ਸਟੇਸ਼ਨ ਐਸ.ਐਸ.ਓ.ਸੀ. ਐਸ.ਏ.ਐਸ.ਨਗਰ ਵਿਖੇ ਦਰਜ ਕੀਤਾ ਗਿਆ ਹੈ।

ਪੈਨਸ਼ਨਰਾਂ ਦੀ ਉਮਰ ਦਾ ਧਿਆਨ ਰੱਖਦਿਆਂ ਬਕਾਏ ਤੁਰੰਤ ਜਾਰੀ ਕੀਤੇ ਜਾਣ : ਮੈਲਡੇ

ਜਲੰਧਰ (ਰਾਜੇਸ਼ ਬਾਹਾ) ਜਲੰਧਰ ਪੰਜਾਬ ਪੈਨਸ਼ਨਰਜ ਯੂਨੀਅਨ ਪੰਜਾਬ ਸੂਬਾ ਕਮੇਟੀ ਦੀ ਮੀਟਿੰਗ ਕਾ. ਜਸਵੰਤ ਸਿੰਘ ਸਮਰਾ ਯਾਦਗਾਰ ਹਾਲ ਵਿਖੇ ਗੁਰਮੇਲ ਸਿੰਘ ਮੈਲਡੇ ਦੀ ਪ੍ਰਧਾਨਗੀ ਹੇਠ ਹੋਈ। ਹੜ੍ਹਾਂ ,ਮਨੀਪੁਰ ਦੰਗਿਆਂ ਅਤੇ ਹਰਿਆਣਾ ਨੂਹ ਜ਼ਿਲ੍ਹੇ ਵਿੱਚ ਹੋਈਆਂ ਮੌਤਾਂ ਅਤੇ ਫੌਜ ਦੇ 9 ਜਵਾਨ ਜੋ ਸੜਕ ਹਾਦਸੇ ਵਿੱਚ ਸ਼ਹੀਦ ਹੋਏ, ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉਪਰੰਤ ਪੈਨਸ਼ਨਰਜ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਗੁਰਮੇਲ ਸਿੰਘ ਮੈਲਡੇ , ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ, ਸਕੱਤਰ ਦਰਸ਼ਨ ਸਿੰਘ ਥਰੀਕੇ, ਅਵਤਾਰ ਸਿੰਘ ਤਾਰੀ ਵਲੋਂ ਮਨੀਪੁਰ ਵਿੱਚ ਹੋਏ ਦੰਗਿਆਂ ਦੌਰਾਨ ਔਰਤਾਂ ਨਾਲ ਜੋ ਸ਼ਰਮਨਾਕ ਜੋ ਕਾਰਾ ਕੀਤਾ ਗਿਆ ਤੇ ਜਿਸ ਨਾਲ ਭਾਰਤ ਦਾ ਦੁਨੀਆ ਭਰ ਵਿੱਚ ਸਿਰ ਨੀਵਾਂ ਹੋਇਆ, ਦੀ ਨਿਖੇਧੀ ਕੀਤੀ। ਬੁਲਾਰਿਆਂ ਨੇ ਪੰਜਾਬ ਸਰਕਾਰ 'ਤੇ ਗੁੱਸਾ ਜਾਹਿਰ ਕਰਦਿਆਂ ਕਿਹਾ ਕਿ ਆਪ ਸਰਕਾਰ ਵੱਲੋਂ ਪੈਂਸ਼ਨਰਾਂ ਦੀਆਂ ਲੰਮੇਂ ਸਮੇਂ ਤੋਂ ਡੀ ਏ ਦੀਆਂ ਕਿਸ਼ਤਾਂ ਦਾ ਭੁਗਤਾਨ ਨਾ ਕਰਨ ,ਪੁਰਾਣੀ ਪੈਂਨਸ਼ਨ ਬਹਾਲ ਨਾ ਕਰਨ , ਰੀਟਾਇਰ ਹੋਏ ਪੈਂਸ਼ਨਰਾਂ ਵਲੋਂ ਕਮਿਊਟ ਕਰਾਈ ਪੈਂਨਸ਼ਨ ਵਿਚੋਂ ਸਰਵਿਸ ਰੂਲਾਂ ਮਤਾਬਿਕ 135 ਕਿਸ਼ਤਾਂ ਕੱਟਣ ਦੀ ਬਜਾਏ 180 ਕਿਸ਼ਤਾਂ ਕੱਟਣਾ ਅਤੇ 18% ਵਿਆਜ ਦਾ ਕੱਟਣਾ ਸਰਵਿਸ ਰੂਲਾਂ ਦੀ ਉਲੰਘਣਾ ਹੈ। ਸਰਕਾਰ ਤੋਂ ਪੁਰਜ਼ੋਰ ਮੰਗ ਕਰਦੇ ਹਾਂ ਕਿ ਪੈਨਸ਼ਨਰਾਂ ਦੀ ਉਮਰ ਦਾ ਧਿਆਨ ਰਖਦੇ ਹੋਏ ਇੰਨਾਂ ਦੇ ਬਕਾਏ ਜਾਰੀ ਕੀਤੇ ਜਾਣ। ਇਸ ਮੌਕੇ ਸੱਤ ਪਾਲ ਸਿੰਘ ਭੱਟੀ ਕਪੂਰਥਲਾ, ਨਸੀਬ ਸਿੰਘ ਜੜੌਤ,ਮਹਿੰਦਰ ਸਿੰਘ ਰੋਪੜ, ਮੁਕੰਦ ਲਾਲ, ਦਿਲਜੀਤ ਸਿੰਘ ਸੁੱਜੋਂ ਸ਼ਹੀਦ ਭਗਤ ਸਿੰਘ ਨਗਰ ,ਜਗਦੀਸ਼ ਸਿੰਘ ,ਬਲਰਾਜ ਸਿੰਘ ਭੰਗੂ ਅੰਮ੍ਰਿਤਸਰ ,ਚੰਡੀਗੜ੍ਹ ਤੋਂ ਗੁਰਮੀਤ ਸਿੰਘ ,ਮਨਜੀਤ ਸਿੰਘ ਮਨਸੂਰਾਂ ਹਰਿੰਦਰ ਸਿੰਘ, ਦਰਸ਼ਨ ਸਿੰਘ ਥਰੀਕੇ ,ਪਵਿੱਤਰ ਸਿੰਘ ਲੁਧਿਆਣਾ,ਜੋਗਿੰਦਰ ਸਿੰਘ ,ਇਕਬਾਲ ਸਿੰਘ , ਗੁਰਦੀਪ ਸਿੰਘ ਪਠਾਨਕੋਟ, ਵਿਜੇ ਕਮਾਰ ਸ਼ਰਮਾ, ਗੁਰਮੁੱਖ ਸਿੰਘ ਜਲੰਧਰ ,ਸਵਰਨ ਸਿੰਘ ਹਠੂਰ ,ਦਿਲਜੀਤ ਸਿੰਘ ਜਗਰਾਉਂ,ਪ੍ਰਿਤਪਾਲ ਸਿੰਘ ਪੰਡੋਰੀ, ਅੰਗਰੇਜ ਸਿੰਘ ਮੁਕਤਸਰ, ਸੰਤੋਖ ਸਿੰਘ ਜਲੰਧਰ, ਚਮਕੌਰ ਸਿੰਘ ਡਮਰੂ ਮੋਗਾ, ਸੱਤਪਾਲ ਸਹਿਗਲ ਹੁਸ਼ਿਆਰਪੁਰ ,ਨੰਗਲ,ਫਿਰੋਜ਼ਪੁਰ ਬਚਿੱਤਰ ਸਿੰਘ ਧੋਬੜ ਮੋਗਾ ,ਫਰੀਦਕੋਟ ਆਦਿ ਤੋਂ ਵੀ ਸਾਥੀ

ਮੇਹਰ ਚੰਦ ਪੋਲੀਟੈਕਨਿਕ ਕਾਲਜ ਨੇ ਲਗਾਇਆ ਸਰਵੇ ਕੈਂਪ

ਜਲੰਧਰ 22,ਅਗਸਤ- (ਸ਼ੈਲੀ ਐਲਬਰਟ)-ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਸਰਪ੍ਰਸਤੀ ਹੇਠ ਪ੍ਰੋ. ਕਸ਼ਮੀਰ ਕੁਮਾਰ (ਕੋਆਰਡੀਨੇਟਰ) ਦੀ ਯੋਗ ਅਗਵਾਈ 'ਚ ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਨੇ ਪਿੰਡਾਂ ਦੀ ਨੁਹਾਰ ਬਦਲਣ ਲਈ ਭਾਰਤ ਸਰਕਾਰ ਦੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਦੁਆਰਾ ਚਲਾਈ ਗਈ। ਉੱਨਤ ਭਾਰਤ ਅਭਿਆਨ ਸਕੀਮ ਅਧੀਨ ਪਿੰਡ ਬੋਲੀਨਾ ਦੋਆਬਾ (ਜਲੰਧਰ) ਵਿਖੇ ਇੱਕ ਸਰਵੇ ਕੈਂਪ ਲਗਾਇਆ।ਇਹ ਸਕੀਮ ਦੀ ਦੇਖ-ਰੇਖ ਆਈ.ਆਰ.ਡੀ, ਆਈ.ਆਈ.ਟੀ, ਨਵੀ ਦਿੱਲੀ ਕਰ ਰਹੀ ਹੈ ਅਤੇ ਕਾਲਜ ਨੂੰ 50,000 ਰੁਪਏ ਦੀ ਗ੍ਰਾਂਟ ਬਤੌਰ ਸੀਡ ਮਨੀ ਪ੍ਰਾਪਤ ਹੈ।ਸਾਡੀ ਟੀਮ ਪਿੰਡਾਂ ਦਾ ਸ੍ਰਵੇਖਣ ਕਰ ਰਹੀ ਹੈ, ਜਿਸ ਦਾ ਮੁੱਖ-ਮੰਤਵ ਪਿੰਡਾਂ ਦੀਆਂ ਦਰਪੇਸ਼ ਸਮੱਸਿਆਵਾਂ ਦਾ ਢੁਕਵਾਂ ਹੱਲ ਲੱਭਣਾ ਹੈ ।ਪਿੰਡਾਂ ਦੀਆਂ ਪੰਚਾਇਤਾਂ ਅਤੇ ਇਲਾਕੇ ਦੇ ਪੰਤਵੰਤੇ ਸੱਜਣਾ ਦੀ ਮੱਦਦ ਨਾਲ ਪਿੰਡਾਂ ਦਾ ਸਰਵਪੱਖੀ ਵਿਕਾਸ ਕਰਵਾਉਣਾਂ ਇਸ ਸਕੀਮ ਦਾ ਮੁੱਖ ਉਦੇਸ਼ ਹੈ।ਅਸੀ ਜਿੱਥੇ ਇਲਾਕੇ ਦੇ ਲੋਕਾਂ ਨੂੰ ਤਕਨੀਕੀ ਸਿੱਖਿਆ ਮੁਹੱਇਆ ਕਰਵਾਂਉਦੇ ਹਾਂ ਉੱਥੇ ਸਵੈ-ਸੇਵੀ ਸੰਸਥਾਵਾਂ ਦੀ ਮੱਦਦ ਨਾਲ ਪਿੰਡਾਂ ਦੀ ਸਵੱਛਤਾ, ਸਵੱਸਥਾ ਦਾ ਧਿਆਨ ਰੱਖਦਿਆਂ ਸੱਭਿਆਚਾਰਕ ਅਤੇ ਭਾਈਚਾਰਕ ਸਾਂਝ ਪੈਦਾ ਕਰਦੇ ਹਾਂ।ਇਲਾਕੇ ਦੇ ਨੌਜਵਾਨਾਂ ਨੂੰ ਸਿੱਖਿਅਤ ਕਰਕੇ ਪੈਰਾਂ ਤੇ ਖੜਾ ਕਰਨਾ ਅਤੇ ਸਮੇਂ ਦੇ ਨਾਲ ਸਮਾਜ ਵਿੱਚ ਨਸ਼ਾ-ਖੋਰੀ, ਦਹੇਜ ਪ੍ਰਥਾ, ਬਾਲ-ਮਜਦੂਰੀ, ਫਿਰਕਾ-ਪ੍ਰਸਤੀ ਅਤੇ ਜਾਤੀ-ਵਾਦ ਵਰਗੀਆਂ ਪੈਦਾ ਹੋਈਆਂ ਕੁਰੀਤੀਆਂ ਤੋਂ ਜਾਗਰੂਕ ਕਰਨਾ ਸਾਡਾ ਮੁੱਖ ਮਨੋਰਥ ਹੈ।ਇਸ ਸਕੀਮ ਅਧੀਨ ਸਾਡੇ ਕਾਲਜ ਦੇ ਸਿਵਲ ਇੰਜੀਨੀਅਰਿੰਗ ਵਿਭਾਗ ਨੇ ਪਿੰਡ ਬੋਲੀਨਾ ਦੋਆਬਾ (ਜਲੰਧਰ) ਵਿੱਖੇ ਇੱਕ ਸਰਵੇ ਕੈਂਪ ਲਗਾਇਆ। ਜਿਸ ਦਾ ਮੁੱਖ ਮੱਕਸਦ ਵਿੱਦਿਆਰਥੀਆਂ ਨੂੰ ਪੇਂਡੂ ਖੇਤਰਾ ਨਾਲ ਜੋੜਨਾਂ ਹੈ।ਇਸ ਕੈਂਪ ਦੀ ਯੋਗ ਅਗਵਾਈ ਪ੍ਰੋ.ਰਾਜੇਸ਼ ਕੁਮਾਰ ਅਤੇ ਪ੍ਰੋ. ਕੰਨਵ ਮਹਾਜਨ ਜੀ ਨੇ ਕੀਤੀ। ਇਕ ਵਿਸ਼ੇਸ਼ ਸਮਾਗਮ ਵਿੱਚ ਡੀ.ਏ.ਵੀ ਮੈਨੇਜਿੰਗ ਕਮੇਟੀ ਦੇ ਮੈਂਬਰ ਸਹਿਬਾਨ ਅਤੇ ਹੋਰ ਪੰਤਵੰਤੇ ਸੱਜਨਾ ਦੀ ਮੌਜੂਦਗੀ ਵਿੱਚ ਇਹ ਸ਼ੀਟ ਪ੍ਰਿਸੀਪਲ ਡਾ. ਜਗਰੂਪ ਸਿੰਘ ਨੇ ਪਿੰਡ ਦੇ ਨੌਜਵਾਨ ਸਰਪੰਚ ਕੁਲਵਿੰਦਰ ਬਾਘਾ ਅਤੇ ਹੋਰ ਪੰਚਾਇਤ ਮੈਂਬਰਾ ਨੂੰ ਭੇਟ ਕੀਤੀ। ਆਧੁਨਿਕ ਤਕਨੀਕਾਂ ਰਾਹੀਂ ਪਿੰਡਾਂ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣਾ ਮੇਹਰ ਚੰਦ ਪੋਲੀਟੈਕਨਿਕ ਕਾਲਜ ਦੀ ਹਮੇਸ਼ਾ ਪਹਿਲ ਰਹੀ ਹੈ ਤਾਂ ਕਿ ਉਹ ਸਮੇਂ ਦੇ ਹਾਣੀ ਹੋ ਸਕਣ।

ਟੀਕਾਕਰਨ ਤੋਂ ਵਾਂਝੇ ਰਹਿ ਗਏ ਬੱਚਿਆਂ ਤੇ ਗਰਭਵਤੀ ਔਰਤਾਂ ਦਾ ਕੀਤਾ ਜਾਵੇਗਾ ਟੀਕਾਕਰਨ : ਰਾਹੁਲ ਚਾਬਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਟੀਕਾਕਰਨ ਸੰਬੰਧੀ ਜ਼ਿਲ੍ਹਾ ਟਾਸਕ ਫੋਰਸ ਦੀ ਮੀਟਿੰਗ ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹੋਈ। ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਵਿੰਦਰ ਕੁਮਾਰ ਡਮਾਣਾ ਦੀ ਅਗਵਾਈ ਵਿਚ ਹੋਈ ਇਸ ਮੀਟਿੰਗ 'ਚ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਸੀਮਾ ਗਰਗ ਵੱਲੋਂ ਜ਼ਿਲ੍ਹੇ ਵਿਚ ਚੱਲ ਰਹੀਆਂ ਰੂਟੀਨ ਟੀਕਾਕਰਨ ਸੇਵਾਵਾਂ, ਮੀਜਲ ਰੁਬੇਲਾ ਦੇ ਖਾਤਮੇ ਅਤੇ ਸਤੰਬਰ ਮਹੀਨੇ ਤੋਂ ਸ਼ੁਰੂ ਹੋ ਰਹੇ ਮਿਸ਼ਨ ਇੰਦਰਧਨੁਸ਼ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਵਧੀਕ ਡਿਪਟੀ ਕਮਿਸ਼ਨਰ (ਜ) ਨੇ ਦੱਸਿਆ ਕਿ ਮੀਜਲ ਤੇ ਰੁਬੇਲਾ ਦੇ ਖਾਤਮੇ ਲਈ ਸਿਹਤ ਵਿਭਾਗ ਵੱਲੋਂ ਦਸੰਬਰ 2023 ਦਾ ਟੀਚਾ ਰੱਖਿਆ ਗਿਆ ਹੈ। ਇਸ ਦੇ ਖਾਤਮੇ ਲਈ ਐਮ.ਆਰ ਵੈਕਸੀਨ ਲਗਾਈ ਜਾ ਰਹੀ ਹੈ, ਜਿਸ ਦੀ ਜ਼ਿਲ੍ਹੇ ਦੀ ਕਵਰੇਜ 95 ਫੀਸਦੀ ਤੋਂ ਵੱਧ ਹੈ। ਇਸ ਮੁਹਿੰਮ ਤਹਿਤ ਕਿਸੇ ਕਾਰਨ ਕਰਕੇ ਟੀਕਾਕਰਨ ਤੋਂ ਵਾਂਝੇ ਰਹਿ ਗਏ ਅਤੇ ਅਧੂਰੇ ਰਹਿ ਗਏ 0 ਤੋਂ 5 ਸਾਲ ਤੱਕ ਦੇ ਬੱਚਿਆਂ ਤੇ ਗਰਭਵਤੀ ਔਰਤਾਂ ਦਾ ਟੀਕਾਰਕਨ ਕੀਤਾ ਜਾਵੇਗਾ ਅਤੇ ਇਹ ਮੁਹਿੰਮ 3 ਪੜਾਵਾਂ ਵਿਚ ਚੱਲੇਗੀ। ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਸੀਮਾ ਗਰਗ ਨੇ ਦੱਸਿਆ ਕਿ ਇਸ ਦੌਰਾਨ ਲਗਾਤਾਰ 6 ਦਿਨ ਟੀਕਾਕਰਨ ਕੀਤਾ ਜਾਵੇਗਾ। ਇਸ ਦਾ ਪਹਿਲਾ ਰਾਊਂਡ 11 ਸਤੰਬਰ ਤੋਂ 6 ਸਤੰਬਰ, ਦੂਜਾ ਰਾਊਂਡ 9 ਅਕਤੂਬਰ ਤੋਂ 14 ਅਕਤੂਬਰ ਅਤੇ ਤੀਜਾ ਰਾਊਂਡ 20 ਨਵੰਬਰ ਤੋਂ 25 ਨਵੰਬਰ ਤੱਕ ਹੋਵੇਗਾ।

ਸਿਵਲ ਸਰਜਨ ਡਾ. ਬਲਵਿੰਦਰ ਕੁਮਾਰ ਡਮਾਣਾ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਭਰੋਸਾ ਦਿਵਾਇਆ ਗਿਆ ਕਿ ਟੀਕਾਕਰਨ ਸੰਬੰਧੀ ਸਾਰਾ ਡਾਟਾ ਯੂ-ਵਿਨ ਪੋਰਟਲ 'ਤੇ ਸਮੇਂ ਸਿਰ ਅਪਲੋਡ ਕੀਤਾ ਜਾਵੇਗਾ। ਉਨ੍ਹਾ ਸਮੂਹ ਐਸ.ਐਮ.ਓਜ਼ ਨੂੰ ਇਸ ਦਾ ਹੱਲ ਜਲਦ ਤੋਂ ਜਲਦ ਆਪਣੇ ਪੱਧਰ 'ਤੇ ਕਰਨ ਦੇ ਨਿਰਦੇਸ਼ ਦਿੱਤੇ। ਮੀਟਿੰਗ 'ਚ ਮੈਡੀਕਲ ਅਫ਼ਸਰ ਡਬਲਯੂ.ਐਚ.ਓ ਡਾ. ਗਗਨ ਸ਼ਰਮਾ, ਸੀਨੀਅਰ ਮੈਡੀਕਲ ਅਫ਼ਸਰ ਇੰਚਾਰਜ ਸਿਵਲ ਹਸਪਤਾਲ ਡਾ. ਸਵਾਤੀ ਸ਼ੀਮਾਰ, ਸੀਨੀਅਰ ਮੈਡੀਕਲ ਅਫ਼ਸਰ ਡਾ. ਮਨਮੋਹਲ ਸਿੰਘ, ਸਮੂਹ ਬਲਾਕਾਂ ਦੇ ਐਸ.ਐਮ.ਓਜ਼, ਡਾ. ਮੀਤ ਦਵਿੰਦਰ ਸਿੰਘ, ਡਿਪਟੀ ਮਾਸ ਮੀਡੀਆ ਅਫ਼ਸਰ ਰਮਨਦੀਪ ਕੌਰ, ਡੀ.ਪੀ.ਐਮ ਮੁਹੰਮਦ ਆਸਿਫ, ਬੀ.ਸੀ.ਸੀ. ਐਮ ਉਪਕਾਰ ਸਿੰਘ, ਬੀ.ਸੀ.ਸੀ. ਕੋਆਰਡੀਨੇਟਰ ਅਮਨਦੀਪ ਸਿੰਘ ਅਤੇ ਵੱਖ-ਵੱਖ ਵਿਭਾਗਾਂ ਦੇ ਨੁਮਾਇੰਦੇ ਹਾਜ਼ਰ ਸਨ। ਡਾ. ਸੀਮਾ ਗਰਗ ਨੇ ਦੱ

23-AUG-PAGE-10.qxd 8/22/2023 10:30 PM Page 1

ਸਮਾਰਟ ਮੀਟਰਾਂ ਦਾ ਕਿਸਾਨਾਂ ਨੇ ਕੀਤਾ ਵਿਰੋਧ

ਪਿੰਡ ਗੋਬਿੰਦਪੁਰਾ ਵਿਖੇ ਚਿੱਪ ਵਾਲੇ ਮੀਟਰਾਂ ਦਾ ਵਿਰੋਧ ਕਰਦੇ ਹੋਏ ਕਿਸਾਨ।

ਬਰੇਟਾ (ਰੀਤਵਾਲ)

ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਨੇ ਗੋਬਿੰਦਪੁਰਾ 'ਚ ਲੱਗੇ ਸਮਾਰਟ ਮੀਟਰਾਂ ਨੂੰ ਪੁੱਟ ਕੇ ਬਿਜਲੀ ਬੋਰਡ ਦੇ ਅਧਿਕਾਰੀਆਂ ਦੇ ਹਵਾਲੇ ਕੀਤੇ। ਇਸ ਮੌਕੇ ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਦੌਰਾਨ ਸਰਕਾਰ ਖਿਲਾਫ ਰੋਸ ਪ੍ਰਗਟ ਕਰਦਿਆਂ ਜ਼ਿਲ੍ਹਾ ਪ੍ਰਧਾਨ ਜਗਦੇਵ ਸਿੰਘ ਨੇ ਕਿਹਾ ਕਿ ਸਰਕਾਰਾਂ ਇਸ ਅਦਾਰੇ ਨੂੰ ਵੀ ਕਾਰਪੋਰੇਟ ਘਰਾਣਿਆਂ ਦੇ ਹੱਥ ਦੇਣ ਜਾ ਰਹੀਆਂ ਹਨ, ਜੋ ਸਮਾਰਟ ਮੀਟਰ ਆਪਣੇ ਪਿੰਡਾਂ ਵਿੱਚ ਲਾਏ ਜਾ ਰਹੇ ਨੇ, ਇਨ੍ਹਾਂ ਦੇ ਅੰਦਰ ਚਿੱਪ ਪਾਈ ਗਈ ਹੈ। ਜੇਕਰ ਤੁਹਾਡੇ ਮੈਮਰੀ ਕਾਰਡ ਵਿੱਚ ਪੈਸੇ ਹੋਣਗੇ ਤਾਂ ਹੀ ਬਿਜਲੀ ਆਵੇਗੀ। ਮੋਬਾਈਲ ਦੀ ਤਰ੍ਹਾਂ ਰੀਚਾਰਜ਼ ਕਰਵਾਉਣਾ ਪਵੇਗਾ, ਜਿਸ ਖਿਲਾਫ ਬੀਕੇਯੂ ਸਿੱਧੂਪੁਰ ਵੱਲੋਂ ਪੂਰੇ ਪੰਜਾਬ ਵਿੱਚ ਲੜਾਈ ਲੜੀ ਜਾ ਰਹੀ ਹੈ ਤੇ ਪੰਜਾਬ ਵਿੱਚ ਇਹ ਸਮਾਰਟ ਮੀਟਰ ਨਹੀਂ ਲੱਗਣ ਦੇਵਾਂਗੇ। ਬਲਾਕ ਬੁਢਲਾਡਾ ਦੇ ਪ੍ਰਧਾਨ ਗੁਰਜੀਤ ਸਿੰਘ ਟਾਹਲੀਆ ਨੇ ਕਿਹਾ ਕਿ ਇਨ੍ਹਾਂ ਮੀਟਰਾਂ ਦੇ ਲੱਗਣ ਨਾਲ ਨੌਜਵਾਨ ਦਾ ਰੁਜ਼ਗਾਰ ਖੁਸ ਜਾਵੇਗਾ। ਪੰਜਾਬ ਵਿੱਚ ਜੇਕਰ ਸਰਕਾਰੀ ਅਦਾਰੇ ਹੀ ਨਾ ਰਹੇ ਤਾਂ ਫੇਰ ਸਾਡੇ ਬੱਚੇ ਨੌਕਰੀ ਕਿੱਥੇ ਕਰਨਗੇ। ਇਸ ਲਈ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਜੇਕਰ ਕੋਈ ਵੀ ਅਧਿਕਾਰੀ ਮੀਟਰ ਲਾਉਣ ਆਉਂਦਾ ਹੈ ਤਾਂ ਉਨ੍ਹਾਂ ਦਾ ਪਿੰਡਾਂ ਵਿੱਚ ਸਖ਼ਤ ਵਿਰੋਧ ਕਰੋ ਤੇ ਬੀਕੇਯੂ ਸਿੱਧੂਪੁਰ ਨਾਲ ਸੰਪਰਕ ਕਰੋ। ਇਸ ਮੌਕੇ ਹਾਜ਼ਰ ਰੂਪ ਸਿੰਘ, ਤਰਸੇਮ ਸਿੰਘ, ਸੋਹਨ ਲਾਲ, ਦਲਵੀਰ ਸਿੰਘ ਗੁਰਮੇਲ ਸਿੰਘ, ਮੋਨੀ, ਜਰਨੈਲ ਸਿੰਘ, ਬੰਤ ਸਿੰਘ, ਗੁਰਜੀਤ ਸਿੰਘ, ਹਰਪ੍ਰੀਤ ਸਿੰਘ, ਸੇਵਾ ਸਿੰਘ ਤੇ ਪਿੰਡ ਨਿਵਾਸੀ ਮੌਜੂਦ ਸਨ।

ਮਜ਼ਦੂਰਾਂ ਵੱਲੋਂ ਅੱਜ ਦਾ ਧਰਨਾ ਮੁਲਤਵੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)- ਮਜ਼ਦੂਰ ਮਸਲਿਆਂ ਦੇ ਨਿਪਟਾਰੇ ਤੇ ਨਸ਼ਿਆਂ ਦੀ ਮਹਾਂਮਾਰੀ ਨੂੰ ਠੱਲ੍ਹ ਪਾਉਣ ਵਰਗੇ ਮਸਲਿਆਂ ਨੂੰ ਲੈ ਕੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਸ਼ੁਰੂ ਕੀਤਾ ਦਿਨ-ਰਾਤ ਦਾ ਧਰਨਾ ਦੇਰ ਸ਼ਾਮ ਤੱਕ ਪ੍ਰਸ਼ਾਸਨ ਨਾਲ ਹੋਈ ਲੰਬੀ ਮੀਟਿੰਗ ਦੌਰਾਨ ਅਧਿਕਾਰੀਆਂ ਵੱਲੋਂ ਮੰਗਾਂ ਦੇ ਹੱਲ ਲਈ ਅਪਣਾਏ ਹਾਂਪੱਖੀ ਹੁੰਗਾਰੇ ਤੇ ਮਸਲਿਆਂ ਦੇ ਠੋਸ ਹੱਲ ਲਈ 23 ਅਗਸਤ ਨੂੰ ਸਵੇਰੇ 10 ਵਜੇ ਡਿਪਟੀ ਕਮਿਸ਼ਨਰ ਵੱਲੋਂ ਜਥੇਬੰਦੀ ਦੇ ਆਗੂ ਨਾਲ ਮੀਟਿੰਗ ਕਰਨ ਦੇ ਭਰੋਸੇ ਤੋਂ ਬਾਅਦ ਇੱਕ ਵਾਰ ਧਰਨਾ ਮੁਲਤਵੀ ਕਰ ਦਿੱਤਾ ਗਿਆ। ਪ੍ਰਸ਼ਾਸਨ ਦੀ ਤਰਫ਼ੋਂ ਮਸਲਿਆਂ ਦੇ ਹੱਲ ਦਾ ਤਹਿਸੀਲਦਾਰ ਸ੍ਰੀ ਸੁਖਬੀਰ ਸਿੰਘ ਬਰਾੜ ਵੱਲੋਂ ਧਰਨੇ 'ਚ ਪਹੁੰਚ ਕੇ ਸਟੇਜ ਤੋਂ ਭਰੋਸਾ ਦਿੱਤਾ ਗਿਆ। ਉਨ੍ਹਾਂ ਵੱਲੋਂ ਧਰਨੇ 'ਚ ਸ਼ਾਮਲ ਤੇ ਬੀਤੇ ਦਿਨੀਂ ਮਹਿਜ਼ 34 ਦਿਨਾਂ 'ਚ ਨਸ਼ੇ ਦੇ ਟੀਕਿਆਂ ਕਾਰਨ ਆਪਣੇ ਦੋ ਪੁੱਤ ਗਵਾਉਣ ਵਾਲੀ ਲੰਬੀ ਬਲਾਕ ਦੇ ਪਿੰਡ ਫਤੂਹੀਵਾਲਾ ਦੀ ਵਿਧਵਾ ਖੇਤ ਮਜ਼ਦੂਰ ਔਰਤ ਚਰਨਜੀਤ ਕੌਰ ਨਾਲ ਦੁੱਖ ਸਾਂਝਾ ਕਰਦਿਆਂ ਪ੍ਰਸ਼ਾਸਨ ਦੀ ਤਰਫ਼ੋਂ ਹਰ ਸੰਭਵ ਮੱਦਦ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਲਛਮਣ ਸਿੰਘ ਤੇ ਜ਼ਿਲ੍ਹਾ ਪ੍ਰਧਾਨ ਗੁਰਸੇਟ ਸਿੰਘ ਨੇ ਐਲਾਨ ਕੀਤਾ ਕਿ ਜੇਕਰ 23 ਅਗਸਤ ਦੀ ਮੀਟਿੰਗ ਦੌਰਾਨ ਮੰਗਾਂ ਦਾ ਤਸੱਲੀਬਖ਼ਸ਼ ਨਿਪਟਾਰਾ ਨਾ ਹੋਇਆ ਤਾਂ ਉਹ ਜਲਦੀ ਧਰਨਾ ਸ਼ੁਰੂ ਕਰ ਦੇਣਗੇ।

ਮਿੱਡ ਡੇ ਮੀਲ ਵਰਕਰਾਂ ਨੇ ਸਿੱਖਿਆ ਮੰਤਰੀ ਨੂੰ ਭੇਜਿਆ ਮੰਗ ਪੱਤਰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਮਿੱਡ ਡੇ ਮੀਲ ਵਰਕਰਜ਼ ਯੂਨੀਅਨ ਪੰਜਾਬ ਦੇ ਸੱਦੇ 'ਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀਆਂ ਬਲਾਕ ਇਕਾਈਆਂ ਮੁਕਤਸਰ-2 ਤੇ ਦੋਦਾ ਵੱਲੋਂ ਸਬੰਧਤ ਬੀ ਪੀ ਈ ਓ ਰਾਹੀਂ ਹਰਪਾਲ ਚੀਮਾ ਵਿੱਤ ਮੰਤਰੀ ਪੰਜਾਬ ਦੇ ਨਾਂਅ ਮੰਗ ਪੱਤਰ ਭੇਜਿਆ ਗਿਆ।

ਇਸ ਮੌਕੇ ਹਾਜ਼ਰ ਜ਼ਿਲ੍ਹਾ ਪ੍ਰਧਾਨ ਰਮਨਜੀਤ ਕੌਰ ਤੇ ਜਨਰਲ ਸਕੱਤਰ ਰਾਜਵਿੰਦਰ ਕੌਰ ਨੇ ਕਿਹਾ ਕਿ ਇਸ ਮੰਗ ਪੱਤਰ ਰਾਹੀਂ ਮਿੱਡ ਡੇ ਮੀਲ ਵਰਕਰਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ, ਜਿਨ੍ਹਾਂ ਵਿੱਚ ਮਿੱਡ ਡੇ ਮੀਲ ਵਰਕਰਾਂ ਦੀਆਂ ਘੱਟੋ ਘੱਟ ਉਜ਼ਰਤ ਕਾਨੂੰਨ ਲਾਗੂ ਕਰਨ, ਵਾਧੂ ਕੰਮਾਂ ਤੋਂ ਛੁਟਕਾਰਾ ਦੇਣ, ਹਰੇਕ ਵਰਕਰ ਦਾ ਘੱਟੋ ਘੱਟ ਪੰਜ ਲੱਖ ਦਾ ਬੀਮਾ ਕਰਨ, ਵਰਕਰਾਂ ਦੀਆਂ ਛੁੱਟੀਆਂ ਹਕੀਕੀ ਰੂਪ 'ਚ ਲਾਗੂ ਕਰਨ, ਗਰਮੀ ਤੇ ਸਰਦੀ ਦੇ ਮੌਸਮ ਲਈ ਦੋ-ਦੋ ਵਰਦੀਆਂ ਦੇਣ ਆਦਿ ਮੰਗਾਂ ਨੂੰ ਪੂਰਾ ਕਰਾਉਣ ਦੀ ਮੰਗ ਸਿੱਖਿਆ ਮੰਤਰੀ ਪੰਜਾਬ ਤੱਕ ਭੇਜੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਸਬੰਧੀ ਜਲਦ ਹੀ ਕੋਈ ਕਾਰਵਾਈ ਨਹੀਂ ਹੁੰਦੀ ਤਾਂ ਜਥੇਬੰਦੀ ਵੱਲੋਂ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਵਿਖੇ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਰਜੀਤ ਕੌਰ, ਰਾਜਵੀਰ ਕੌਰ, ਮਨਪ੍ਰੀਤ ਕੌਰ, ਮਨਜੀਤ ਕੌਰ, ਕੁਲਵਿੰਦਰ ਕੌਰ, ਜਸਵਿੰਦਰ ਕੌਰ ਸਿਮਰਜੀਤ ਕੌਰ ਆਦਿ ਵਰਕਰ ਹਾਜ਼ਰ ਸਨ।

ਵਿਸ਼ਵ ਪੁਲਸ ਖੇਡਾਂ 'ਚ ਸੋਨ ਤਮਗ਼ਾ ਜਿੱਤ ਕੇ ਪਰਤੀ ਸ਼ਵਿੰਦਰ ਕੌਰ ਦਾ ਸ਼ਾਨਦਾਰ ਸਵਾਗਤ

ਹਠੂਰ/ਜਗਰਾਓਂ (ਨਛੱਤਰ ਸੰਧੂ)

ਬੀਤੇ ਦਿਨੀਂ ਕੈਨੇਡਾ ਵਿੱਚ ਹੋਈਆਂ 'ਵਰਲਡ ਪੁਲਸ ਐਂਡ ਫਾਇਰ ਗੇਮਜ਼-2023' ਵਿੱਚੋਂ ਸੋਨੇ ਦਾ ਤਮਗ਼ਾ ਜਿੱਤ ਕੇ ਪੰਜਾਬ ਪੁਲਸ ਅਤੇ ਪਿੰਡ ਚਕਰ ਦਾ ਨਾਮ ਰੌਸ਼ਨ ਕਰਨ ਵਾਲੀ ਸ਼ਵਿੰਦਰ ਕੌਰ ਸਿੱਧੂ ਦਾ ਪਿੰਡ ਚਕਰ ਪਰਤਣ 'ਤੇ ਪਿੰਡ ਦੀ ਨਵੀਂ ਤੇ ਪੁਰਾਣੀ ਪੰਚਾਇਤ ਵੱਲੋਂ ਵਿਸ਼ੇਸ਼ ਸਵਾਗਤ ਕੀਤਾ ਗਿਆ। ਪੰਚਾਇਤ, 5ਜਾਬ ਸਪੋਰਟਸ ਅਕੈਡਮੀ ਦੇ ਪ੍ਰਬੰਧਕਾਂ ਤੇ ਨਗਰ ਨਿਵਾਸੀਆਂ ਵੱਲੋਂ ਉਸ ਦਾ ਫੁੱਲਾਂ ਦੇ ਹਾਰ ਪਾ ਕੇ ਤੇ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਗਿਆ। ਇਸ ਉਪਰੰਤ ਸ਼ਵਿੰਦਰ ਕੌਰ ਦਾ ਵੱਡੇ ਕਾਫ਼ਲੇ ਦੇ ਰੂਪ ਵਿੱਚ ਖੁੱਲ੍ਹੀ ਜੀਪ ਵਿੱਚ ਪਿੰਡ ਦਾ ਗੇੜਾ ਲਗਵਾਇਆ ਗਿਆ। ਸਾਰੇ ਕਾਫ਼ਲੇ ਨੇ ਗੁਰਦੁਆਰਾ ਸਾਹਿਬ ਪਹੁੰਚ ਕੇ ਪਿੰਡ ਦੀ ਇਸ ਪ੍ਰਾਪਤੀ ਲਈ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ। ਇਸ ਮੌਕੇ ਪ੍ਰਿੰ. ਬਲਵੰਤ ਸਿੰਘ ਸੰਧੂ ਨੇ ਦੱਸਿਆ ਕਿ ਸ਼ਵਿੰਦਰ ਕੌਰ ਪਿੰਡ ਚਕਰ ਵਿੱਚ ਬਾਕਸਿੰਗ ਖੇਡਣਾ ਸ਼ੁਰੂ ਕਰਨ ਵਾਲੀ ਪਹਿਲੀ ਲੜਕੀ ਹੈ। ਉਨ੍ਹਾ ਪਿਛਲੀਆਂ ਨਗਰ ਪੰਚਾਇਤਾਂ, ਸਮੂਹ ਪਿੰਡ ਵਾਸੀਆਂ ਤੇ ਅਜਮੇਰ ਸਿੰਘ ਸਿੱਧੂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਸਭਨਾਂ ਦੀ ਬਦੌਲਤ ਹੀ ਖੇਡਾਂ ਵਿੱਚ ਚਕਰ ਦਾ ਨਾਮ ਰੌਸ਼ਨ ਹੋਇਆ ਹੈ। ਸ਼ਵਿੰਦਰ ਕੌਰ ਨੇ ਵੀ ਆਪਣੇ ਖੇਡ ਤਜਰਬੇ ਸਾਂਝੇ ਕਰਦਿਆਂ ਸ. ਅਜਮੇਰ ਸਿੰਘ ਸਿੱਧੂ ਨੂੰ ਯਾਦ ਕੀਤਾ। ਰਛਪਾਲ ਸਿੰਘ ਸਿੱਧੂ ਨੇ ਖੇਡਾਂ ਤੇ ਖਿਡਾਰੀਆਂ ਨੂੰ ਸਹਿਯੋਗ ਦੇਣ ਲਈ ਸਮੂਹ ਨਗਰ ਨਿਵਾਸੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਨਗਰ ਪੰਚਾਇਤ ਤੇ ਗੁਰਦੁਆਰਾ ਪ੍ਰਬੰਧਕੀ ਕਮੇਟੀ ਵੱਲੋਂ ਸ਼ਵਿੰਦਰ ਕੌਰ ਤੇ ਉਸ ਦੇ ਮਾਤਾ-ਪਿਤਾ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸਰਪੰਚ ਬੂਟਾ ਸਿੰਘ, ਪੰਚ ਮਨਪ੍ਰੀਤ ਸਿੰਘ ਦੁੱਲਾ, ਸਾਬਕਾ ਸਰਪੰਚ ਮੇਜਰ ਸਿੰਘ, ਨੰਬਰਦਾਰ ਚਮਕੌਰ ਸਿੰਘ, ਪ੍ਰਿੰ. ਸਤਨਾਮ ਸਿੰਘ, ਦਰਸ਼ਨ ਸਿੰਘ ਗਿੱਲ, ਜਗਦੇਵ ਸਿੰਘ ਗਿੱਲ, ਕੋਚ ਰਵੀਨਾ ਸਹੋਤਾ, ਹਰਜੀਤ ਸਹੋਤਾ ਤੇ ਵੱਡੀ ਗਿਣਤੀ ਵਿੱਚ ਨੌਜਵਾਨ ਹਾਜ਼ਰ ਸਨ।

ਕਾਤਰਾਂ

ਕੁਸ਼ਟ ਰੋਗੀਆਂ ਨੂੰ ਵੰਡੀਆਂ ਮੁਫਤ ਦਵਾਈਆਂ

ਮੋਗਾ (ਅਮਰਜੀਤ ਬੱਬਰੀ)-ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਤੇ ਸਿਵਲ ਸਰਜਨ ਮੋਗਾ ਡਾ. ਰਾਜੇਸ਼ ਅੱਤਰੀ ਦੀ ਅਗਵਾਈ ਹੇਠ ਕੁਸ਼ਟ ਰੋਗ ਨਿਵਾਰਨ ਸੁਸਾਇਟੀ ਮੋਗਾ ਅਧੀਨ ਨਿਰਮੋਹੀ ਕੁਸ਼ਟ ਆਸ਼ਰਮ ਮੋਗਾ ਵਿਖੇ ਮੁਫ਼ਤ ਦਵਾਈਆਂ ਦੀ ਵੰਡ ਕੀਤੀ ਗਈ। ਇਸ ਮੌਕੇ ਸਿਵਲ ਸਰਜਨ ਨੇ ਦੱਸਿਆ ਕਿ ਕੁਸ਼ਟ ਰੋਗ ਇਲਾਜ ਯੋਗ ਹੈ, ਸਮੇਂ ਸਿਰ ਇਸ ਦਾ ਪਤਾ ਲੱਗ ਜਾਣ 'ਤੇ ਇਸ ਦਾ ਇਲਾਜ ਹੋ ਸਕਦਾ ਹੈ। ਉਨ੍ਹਾ ਕਿਹਾ ਕਿ ਕੁਸ਼ਟ ਰੋਗੀਆਂ ਨਾਲ ਹਮੇਸ਼ਾ ਪਿਆਰ ਤੇ ਹਮਦਰਦੀ ਵਾਲਾ ਵਤੀਰਾ ਰੱਖਣਾ ਚਾਹੀਦਾ ਹੈ। ਇਨ੍ਹਾਂ ਨੂੰ ਨਫ਼ਰਤ ਦੀ ਨਜ਼ਰ ਨਾਲ ਨਹੀਂ ਦੇਖਣਾ ਚਾਹੀਦਾ, ਸਗੋਂ ਆਮ ਲੋਕਾਂ ਵਾਂਗੂ ਹਮਦਰਦੀ ਵਾਲਾ ਵਿਹਾਰ ਰੱਖਣਾ ਚਾਹੀਦਾ ਹੈ। ਇਸ ਮੌਕੇ ਡਾ. ਜਸਪ੍ਰੀਤ ਕੌਰ ਇੰਚਾਰਜ ਨਿਰਮੋਹੀ ਕੁਸ਼ਟ ਰੋਗ ਸੁਸਾਇਟੀ ਨੇ ਕਿਹਾ ਕਿ ਕੁਸ਼ਟ ਨਾਲ ਪੀੜਤ ਵਿਅਕਤੀਆਂ ਨੂੰ ਸਿਹਤ ਵਿਭਾਗ ਵੱਲੋਂ ਲੋੜ ਅਨੁਸਾਰ ਮੁਫ਼ਤ ਜ਼ਖਮੀ ਪੈਰ ਵਿੱਚ ਪਾਉਣ ਲਈ ਵਿਸ਼ੇਸ਼ ਬੂਟ ਦਿੱਤੇ ਜਾਂਦੇ ਹਨ, ਜਿਨ੍ਹਾਂ ਨਾਲ ਇਹ ਸੌਖਾ ਮਹਿਸੂਸ ਕਰਦੇ ਹਨ। ਇਸ ਮੌਕੇ ਗੁਰਪ੍ਰੀਤ ਕੌਰ, ਅੰਮ੍ਰਿਤ ਸ਼ਰਮਾ ਵੀ ਹਾਜ਼ਰ ਸਨ।

ਕਾਰ ਸਵਾਰਾਂ ਵੱਲੋਂ ਵਿਅਕਤੀ ਦੀ ਕੁੱਟਮਾਰ

ਪਾਤੜਾਂ (ਪੱਤਰ ਪ੍ਰੇਰਕ)-ਸ਼ਹਿਰ ਦੇ ਨਾਲ ਲੱਗਦੇ ਪਿੰਡ ਦਿਓਗੜ੍ਹ ਦੇ ਇੱਕ ਵਿਅਕਤੀ ਦੀ ਕਾਰ 'ਚ ਸਵਾਰ ਹੋ ਕੇ ਆਏ ਕੁਝ ਵਿਅਕਤੀਆਂ ਵੱਲੋਂ ਕੁੱਟਮਾਰ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਕੁੱਟਮਾਰ ਦਾ ਸ਼ਿਕਾਰ ਹੋਏ ਵਿਅਕਤੀ ਨੂੰ ਪਾਤੜਾਂ ਦੇ ਕਮਿਊਨਿਟੀ ਹੈਲਥ ਸੈਂਟਰ 'ਚ ਦਾਖਲ ਕਰਵਾਇਆ ਗਿਆ। ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੀ ਪੁਲਸ ਵੱਲੋਂ ਪੀੜਤ ਵਿਅਕਤੀ ਦੇ ਬਿਆਨ ਦਰਜ ਕਰਕੇ ਬਣਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਹਸਪਤਾਲ 'ਚ ਜ਼ੇਰੇ ਇਲਾਜ ਗੁਰਦਾਸ ਸਿੰਘ ਨੇ ਦੱਸਿਆ ਕਿ ਸਵੇਰ ਸਮੇਂ ਉਹ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਦਿਓਗੜ੍ਹ ਤੋਂ ਪਾਤੜਾਂ ਠੇਕੇ 'ਤੇ ਪੈਸੇ ਜਮਾਂ ਕਰਵਾਉਣ ਜਾ ਰਿਹਾ ਸੀ ਤਾਂ ਪਿੰਡ ਤੋਂ ਕੁਝ ਹੀ ਦੂਰੀ 'ਤੇ ਇੱਕ ਚਿੱਟੇ ਰੰਗ ਦੀ ਕਾਰ 'ਚ ਸਵਾਰ ਪੰਜ ਵਿਅਕਤੀ, ਜਿਨ੍ਹਾਂ ਨੇ ਆਪਣੇ ਮੂੰਹ ਬੰਨ੍ਹੇ ਹੋਏ ਸਨ, ਨੇ ਡੰਡਿਆਂ ਤੇ ਤੇਜ਼ਧਾਰ ਹਥਿਆਰਾਂ ਨਾਲ ਮੈਨੂੰ ਕੁੱਟਣਾ ਸ਼ੁਰੂ ਦਿੱਤਾ।

ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ 'ਚ ਬੂਟਿਆਂ ਦਾ ਪ੍ਰਸਾਦ ਵੰਡਿਆ

ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)- ਦੁਨੀਆ ਦੀ ਸਭ ਤੋਂ ਮਹਿੰਗੀ ਜਗ੍ਹਾ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਬੂਟਿਆਂ ਦਾ ਪ੍ਰਸਾਦ ਵੰਡਿਆ ਗਿਆ। ਪੰਜਾਬੀ ਲੇਖਕ ਤੇ ਸੋਸ਼ਲ ਐਕਟੀਵਿਸਟ ਅਮਰਬੀਰ ਸਿੰਘ ਚੀਮਾ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਆਈਆਂ ਸੰਗਤਾਂ ਨੂੰ ਵੱਖ-ਵੱਖ ਤਰ੍ਹਾਂ ਦੇ 200 ਦੇ ਕਰੀਬ ਫ਼ਲਦਾਰ, ਛਾਂਦਾਰ ਤੇ ਫੁੱਲਾਂ ਵਾਲੇ ਬੂਟਿਆਂ ਦਾ ਪ੍ਰਸਾਦ ਵੰਡਿਆ ਗਿਆ, ਤਾਂ ਜੁ ਵਾਤਾਵਰਣ ਨੂੰ ਹਰਿਆ-ਭਰਿਆ ਬਣਾਉਣ ਹਿੱਤ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਮਹਿਮ ਨੂੰ ਸਫ਼ਲ ਬਣਾਉਣ ਵਿੱਚ ਸਰੀ (ਕੈਨੇਡਾ) ਵਾਸੀ ਬਲਵਿੰਦਰਜੀਤ ਸਿੰਘ ਬੱਸੀ, ਸਪੇਨ ਤੋਂ ਸਤਬੀਰ ਸਿੰਘ ਸੰਧੂ ਤੇ ਕਿਰਨਦੀਪ ਕੌਰ ਸੰਧੂ, ਬਰੈਂਪਟਨ (ਕੈਨੇਡਾ) ਤੋਂ ਰਸਮੀਤ ਕੌਰ ਚੀਮਾ ਦਾ ਵਿਸੇਸ਼ ਯੋਗਦਾਨ ਰਿਹਾ। ਇਸ ਮੌਕੇ ਜਥੇਦਾਰ ਗੁਰਸੰਟ ਸਿੰਘ ਚਲੈਲਾ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਮਿਲ ਕੇ ਅਜਿਹੇ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ, ਤਾਂ ਜੁ ਆਲਮੀ ਤਪਸ਼ ਨੂੰ ਘਟਾਇਆ ਜਾ ਸਕੇ।

ਚੂਰਾ-ਪੋਸਤ ਸਮੇਤ ਕਾਬੂ

ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)-ਥਾਣਾ ਲੰਬੀ ਪੁਲਸ ਨੇ ਚੂਰਾ-ਪੋਸਤ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਕਿੱਲਿਆਂਵਾਲੀ ਮੌਜੂਦ ਸੀ ਤਾਂ ਲਿੰਕ ਰੋਡ 'ਤੇ ਬਣੀ ਪੁਲੀ 'ਤੇ ਬੈਠਾ ਇੱਕ ਵਿਅਕਤੀ ਬੱਬੀ ਸਿੰਘ ਵਾਸੀ ਅਬੁੱਲ ਖੁਰਾਣਾ ਝੋਲਾ ਪਲਾਸਟਿਕ ਵਿੱਚ ਹੱਥ ਮਾਰਦਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਦੀ ਗੱਡੀ ਦੇਖ ਕੇ ਇੰਕਦਮ ਖੜਾ ਹੋ ਕੇ ਖੇਤਾਂ ਵੱਲ ਨੂੰ ਖਿਸਕਣ ਲੱਗਾ, ਜਿਸ ਨੂੰ ਪੁਲਸ ਨੇ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਝੋਲੇ ਦੀ ਤਾਲਾਸ਼ੀ ਲਈ ਤਾਂ ਉਸ ਵਿੱਚੋਂ 4 ਕਿਲੋਗ੍ਰਾਮ ਚੂਰਾ ਪੋਸਤ ਬਰਾਮਦ ਹੋਇਆ। ਪੁਲਸ ਨੇ ਉਕਤ ਵਿਅਕਤੀ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਦੂਜਾ ਸਟੱਡੀ ਵੀਜ਼ਾ ਸੈਮੀਨਾਰ 2 ਨੂੰ

ਬਾਘਾ ਪੁਰਾਣਾ (ਮਨੀ ਸਿੰਗਲਾ)-ਇੰਗਲਿਸ਼ ਸਟੂਡੀਓ ਦੇ ਮੁਖੀ ਪੰਕਜ ਬਾਂਸਲ, ਗੌਰਵ ਕਾਲੜਾ ਨੇ ਦੱਸਿਆ ਕਿ ਸੰਸਥਾ ਵੱਲੋਂ ਲਗਾਤਾਰ ਦੂਜੀ ਵਾਰ ਇਲਾਕੇ ਦਾ ਸਭ ਤੋਂ ਵੱਡਾ ਸਟੱਡੀ ਵੀਜ਼ਾ ਸੈਮੀਨਾਰ 2 ਸਤੰਬਰ ਨੂੰ ਕੋਟਪੂਰਾ ਰੋਡ ਮੈਪਲ ਰੈਸਟੋਰੈਂਟ ਵਿਖੇ ਕਰਾ ਰਹੀ ਹੈ। ਸੈਮੀਨਾਰ ਵਿੱਚ ਕੈਨੇਡਾ ਤੇ ਆਸਟ੍ਰੇਲੀਆ ਦੇ ਕਾਲਜ ਜਿਵੇਂ ਪੋਰਟੇਜ ਕਾਲਜ, ਕੋਸਟ ਮਾਊਂਟੇਸ ਕਾਲਜ, ਨੌਰਦਰਨ ਲਾਈ

23-August-PAGE-3.qxd 8/22/2023 10:38 PM Page 1

ਕਿਸਾਨਾਂ 'ਤੇ ਅੰਨ੍ਹੇ ਲਾਠੀਚਾਰਜ ਨੇ ਸਰਕਾਰ ਦਾ ਅਸਲ ਚਿਹਰਾ ਬੇਨਕਾਬ ਕੀਤਾ: ਬਖਤਪੁਰਾ

ਬਟਾਲਾ (ਤਰਲੋਕ ਬੱਗਾ)—ਫੈਜ਼ਪੁਰਾ ਰੋਡ ਲਿਬਰੇਸ਼ਨ ਦਫਤਰ ਵਿਖੇ ਸੀਪੀਆਈ ਐੱਮਐੱਲ ਲਿਬਰੇਸ਼ਨ ਦੇ ਵਰਕਰਾਂ ਦੀ ਇਕੱਤਰਤਾ ਕਾਮਰੇਡ ਸੁਖਦੇਵ ਸਿੰਘ ਭਾਗੋਕਾਵਾਂ ਦੀ ਪ੍ਰਧਾਨਗੀ ਹੇਠ ਕੀਤੀ ਗਈ। ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਲਿਬਰੇਸਨ ਆਗੂ ਗੁਲਜ਼ਾਰ ਸਿੰਘ ਭੁੰਬਲੀ ਅਤੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਦੀ ਪੁਲਸ ਨੇ ਲੌਂਗੋਵਾਲ ਵਿਖੇ ਕਿਸਾਨਾਂ ਉਪਰ ਕੀਤੇ ਗਏ

ਲਾਠੀਚਾਰਜ ਨਾਲ ਮਾਨ ਸਰਕਾਰ ਦੇ ਅਸਲ ਚਿਹਰੇ ਨੂੰ ਬੇਨਕਾਬ ਕਰ ਦਿੱਤਾ ਹੈ। ਜਿਸ ਲਾਠੀਚਾਰਜ ਵਿੱਚ ਇੱਕ ਕਿਸਾਨ ਪ੍ਰੀਤਮ ਸਿੰਘ ਦਾ ਕਤਲ ਕਰ ਦਿੱਤਾ ਗਿਆ ਹੈ ਅਤੇ ਬਹੁਤ ਸਾਰੇ ਕਿਸਾਨਾਂ ਨੂੰ ਜ਼ਖਮੀ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਸਾਨ ਦੇ ਪਰਿਵਾਰ ਨੂੰ 20 ਲੱਖ ਰੁਪਏ ਮੁਆਵਜ਼ਾ ਅਤੇ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ ਕੀਤੀ। ਬੱਖਤਪੁਰਾ ਨੇ ਕਿਹਾ ਕਿ ਮਾਨ ਸਰਕਾਰ ਹੜਾ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਕੇ ਫੋਟੂਆਂ ਤਾਂ ਲਵਾ ਰਹੇ ਹਨ ਪਰ ਤਿੰਨ ਮਹੀਨਿਆਂ ਤੋਂ ਬਾਰ ਬਾਰ ਆ ਰਹੇ ਹੜ੍ਹਾਂ ਨਾਲ ਹੋਏ ਜਾਨੀ ਅਤੇ ਮਾਲੀ ਨੁਕਸਾਨ ਦਾ ਕੋਈ ਮੁਆਵਜ਼ਾ ਨਹੀਂ ਵੰਡ ਰਹੇ ਜਿਸ ਕਾਰਨ ਪੰਜਾਬ ਦੀ ਜਨਤਾ ਵਿੱਚ ਗੁੱਸਾ ਹੈ ਜਿਸ ਦਾ ਨਤੀਜਾ ਹੀ ਹੈ ਚੰਡੀਗੜ੍ਹ ਨੂੰ ਕੂਚ ਕਰਨਾ, ਪਰ ਸਰਕਾਰ ਨੇ ਕਿਸਾਨਾਂ ਦੀ ਗੱਲ ਸੁਣਨ ਦੀ ਬਜਾਏ ਜਬਰ ਜ਼ੁਲਮ ਦਾ ਰਾਹ ਅਪਣਾਉਣ ਨੂੰ ਤਰਜੀਹ ਦਿੱਤੀ ਹੈ ਜੋ ਸਰਕਾਰ ਨੂੰ ਬਹੁਤ ਮਹਿੰਗਾ ਪਵੇਗਾ। ਇਸ ਇਕੱਤਰਤਾ ਵਿੱਚ ਇੱਕ ਮਤੇ ਰਾਹੀਂ ਘਣੀਆਂ ਕੇ ਬੇਟ ਵਿਖੇ ਜਗੀਰ ਸਿੰਘ ਦੇ ਦਲਿਤ ਪਰਿਵਾਰ ਦੀ 3 ਏਕੜ ਬਾਜਰੇ, ਤੋਰੀਏ ਅਤੇ ਜਵਾਰ ਦੀ ਫਸਲ ਨੂੰ ਕੁਝ ਸਤਾਧਾਰੀ ਧਿਰ ਨਾਲ ਸਬੰਧਤ ਧਨਾਢ ਕਿਸਾਨਾ ਵਲੋਂ ਜਬਰੀ ਵਾਹ ਦੇਣ ਦੀ ਨਿਖੇਧੀ ਕਰਦਿਆਂ ਕਿਹਾ ਗਿਆ ਕਿ ਡੇਰਾ ਬਾਬਾ ਨਾਨਕ ਦੀ ਪੁਲਸ ਦੀ ਸਹਿਮਤੀ ਨਾਲ ਦਲਿਤ ਪਰਿਵਾਰ ਦੀ ਫਸਲ ਉਜਾੜ ਕੇ ਉਸ ਉਪਰ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਬੱਖਤਪੁਰਾ ਨੇ ਕਿਹਾ ਕਿ ਕਿ ਸੰਯੁਕਤ ਕਿਸਾਨ ਮੋਰਚੇ ਵਲੋਂ ਅੱਜ ਐੱਸਐੱਸਪੀ ਬਟਾਲਾ ਨੂੰ ਮਿਲ ਕੇ ਕੇਸ ਦਰਜ ਕਰਨ ਦੀ ਮੰਗ ਕੀਤੀ ਜਾਵੇਗੀ। ਇਸ ਸਮੇਂ ਦਲਬੀਰ ਭੋਲਾ, ਨਿਰਮਲ ਸਿੰਘ ਛੱਜਲਵੱਡੀ, ਬਲਬੀਰ ਸਿੰਘ ਝਾਮਕਾ, ਦਲਵਿੰਦਰ ਸਿੰਘ ਪੰਨੂ, ਮੰਗਲ ਸਿੰਘ ਧਰਮਕੋਟ, ਲਖਬੀਰ ਸਿੰਘ ਅਜਨਾਲਾ, ਜਸਬੀਰ ਕੌਰ ਹੇਰ, ਬਲਬੀਰ ਸਿੰਘ ਉਚਾਧਕਾਲਾ ਅਤੇ ਜਿਦਾਂ ਛੀਨਾਂ ਹਾਜ਼ਰ ਸਨ।

ਸਰਕਾਰ ਵੱਲੋਂ ਕਿਸਾਨਾਂ 'ਤੇ ਲਾਠੀਚਾਰਜ ਦੀ ਐਡਵੋਕੇਟ ਧਾਮੀ ਨੇ ਕੀਤੀ ਨਿੰਦਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਲੌਂਗੋਵਾਲ ਵਿਖੇ ਕਿਸਾਨਾਂ ਉੱਤੇ ਕੀਤੇ ਗਏ ਲਾਠੀਚਾਰਜ ਦੀ ਸਖ਼ਤ ਨਿੰਦਾ ਕਰਦਿਆਂ ਇਸ ਦੌਰਾਨ ਜਾਨ ਗੁਆਉਣ ਵਾਲੇ ਕਿਸਾਨ ਦੇ ਪਰਿਵਾਰ ਨਾਲ ਸੰਵੇਦਨਾ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਦੁੱਖਦਾਈ ਹੋਣ ਦੇ ਨਾਲ ਨਾਲ ਸਰਕਾਰ ਦੀ ਲੋਕਾਂ ਪ੍ਰਤੀ ਜ਼ਿੰਮੇਵਾਰੀ ਦੇ ਵਿਰੁੱਧ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਅੰਦਰ ਕੁਦਰਤੀ ਆਫਤ ਹੜ੍ਹ ਕਾਰਨ ਬਣੇ ਹਾਲਾਤ ਉਪਰੰਤ ਕਿਸਾਨ ਜਥੇਬੰਦੀਆਂ ਲਗਾਤਾਰ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੀਆਂ ਹਨ, ਜਿਸ ਦੀ ਸ਼੍ਰੋਮਣੀ ਕਮੇਟੀ ਹਿਮਾਇਤ ਕਰਦੀ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਹੜ੍ਹ ਕਾਰਨ ਕਿਸਾਨਾਂ ਨੂੰ ਫਸਲਾਂ ਦਾ ਭਾਰੀ ਨੁਕਸਾਨ ਝੱਲਣਾ ਪੈ ਰਿਹਾ ਹੈ ਅਤੇ ਦੂਸਰੇ ਪਾਸੇ ਸਰਕਾਰ ਕਿਸਾਨਾਂ 'ਤੇ ਤਸ਼ੱਦਦ ਕਰ ਰਹੀ ਹੈ। ਉਨ੍ਹਾਂ ਕਿ ਲੌਂਗੋਵਾਲ ਵਿਖੇ ਸੰਘਰਸ਼ ਕਰ ਰਹੇ ਕਿਸਾਨਾਂ ਵਿਰੁੱਧ ਸੰਗੀਨ ਧਾਰਾਵਾਂ ਤਹਿਤ ਪਰਚੇ ਦਰਜ ਕਰਨਾ ਅਤਿ ਨਿੰਦਣਯੋਗ ਕਾਰਵਾਈ ਹੈ, ਜਿਸ ਨੂੰ ਸਰਕਾਰ ਤੁਰੰਤ ਵਾਪਸ ਲਵੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਕਿਸਾਨ ਪੂਰੇ ਦੇਸ਼ ਲਈ ਅੰਨ ਦੀ ਪੂਰਤੀ ਕਰਦੇ ਹਨ ਅਤੇ ਪੰਜਾਬ ਦੇ ਕਿਸਾਨਾਂ ਨੇ ਕੁਦਰਤੀ ਆਫਤਾਂ ਸਮੇਂ ਵੀ ਹਮੇਸ਼ਾ ਖੁੱਲ੍ਹੇ ਦਿਲ ਨਾਲ ਮਨੁੱਖਤਾ ਦੀ ਸੇਵਾ ਕੀਤੀ ਹੈ। ਉਨ੍ਹਾਂ ਕਿਹਾ ਕਿ ਜਦਕਿ ਸਰਕਾਰ ਕਿਸਾਨਾਂ ਨੂੰ ਬਣਦੇ ਹੱਕ ਦੇਣ ਦੀ ਬਜਾਏ ਉਨ੍ਹਾਂ ਨਾਲ ਧੱਕਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕਿਸਾਨੀ ਅਧਾਰਤ ਸੂਬਾ ਹੈ ਜਿੱਥੇ ਬਹੁਗਿਣਤੀ ਲੋਕ ਇਸ ਕਿੱਤੇ ਨਾਲ ਜੁੜੇ ਹੋਏ ਹਨ। ਚੋਣਾਂ ਸਮੇਂ ਕਿਸਾਨਾਂ ਨਾਲ ਕਈ ਵਾਅਦੇ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਮੌਜੂਦਾ ਸਰਕਾਰ ਹੁਣ ਉਨ੍ਹਾਂ ਦੀਆਂ ਹੱਕੀ ਮੰਗਾਂ ਪੂਰੀਆਂ ਕਰਨ ਤੋਂ ਵੀ ਭੱਜ ਰਹੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਸਰਕਾਰ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਸੂਬੇ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਾਲੇ ਕਿੱਤੇ ਕਿਸਾਨੀ ਨੂੰ ਉੱਚਾ ਚੁੱਕਣ ਲਈ ਕਾਰਜ ਕਰੇ, ਪਰ ਸਰਕਾਰ ਇਸ ਤੋਂ ਭੱਜਦਿਆਂ ਕਿਸਾਨਾਂ ਨੂੰ ਦਬਾ ਰਹੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਵਚਨਬੱਧਤਾ ਪ੍ਰਗਟਾਈ ਕਿ ਸਿੱਖ ਸੰਸਥਾ ਲੋੜ ਪੈਣ ਉੱਤੇ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਕਰੇਗੀ।

ਸ਼ਹੀਦ ਪ੍ਰੀਤਮ ਸਿੰਘ ਮੰਡੇਰ ਦੀ ਕੁਰਬਾਨੀ ਨੂੰ ਅਜਾਈਂ ਨਹੀਂ ਜਾਣ ਦੇਵਾਂਗੇ: ਸਭਰਾਂ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਕਿਸਾਨ ਮਜ਼ਦੂਰ ਜਥੇਬੰਦੀਆਂ ਵੱਲੋਂ ਹੜ੍ਹਾਂ ਦੇ ਮੁਆਵਜ਼ੇ ਸਮੇਤ ਹੋਰ ਮੰਗਾਂ ਨੂੰ ਲੈ ਕੇ ਚੰਡੀਗੜ੍ਹ ਦੇ ਮੋਰਚੇ ਨੂੰ ਰੋਕਣ ਲਈ ਕਿਸਾਨ ਆਗੂਆਂ ਦੇ ਘਰਾਂ ਵਿੱਚ ਛਾਪੇਮਾਰੀ ਕਰਕੇ ਸੈਂਕੜੇ ਕਿਸਾਨ ਮਜ਼ਦੂਰ ਆਗੂ ਗ੍ਰਿਫ਼ਤਾਰ ਕੀਤੇ ਗਏ ਸਨ ਜਿਸਦੇ ਵਿਰੋਧ ਵਜੋਂ ਪੰਜਾਬ ਭਰ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਵੱਲੋਂ 21 ਅਗਸਤ ਨੂੰ ਆਮ ਆਵਾਜਾਈ ਲਈ ਫਰੀ ਕਰਦੇ ਹੋਏ ਲੱਗੇ ਪੰਜਾਬ ਦੇ ਟੋਲ ਪਲਾਜ਼ਿਆ ਦੇ ਧਰਨੇ ਦੂਜੇ ਦਿਨ ਵੀ ਜਾਰੀ ਰਹੇ। ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਵੱਲੋਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਕਿਸਾਨੀ ਸੰਘਰਸ਼ ਵਿਚ ਇੱਕ ਹੋਰ ਕੁਰਬਾਨੀ ਲਈ ਹੈ ਅਤੇ ਅਸੀਂ ਸ਼ਹੀਦ ਪ੍ਰੀਤਮ ਸਿੰਘ ਮੰਡੇਰ ਦੀ ਕੁਰਬਾਨੀ ਨੂੰ ਅਜਾਈਂ ਨਹੀਂ ਜਾਣ ਦੇਵਾਂਗੇ।

ਉਨ੍ਹਾਂ ਮੰਗ ਕੀਤੀ ਕਿ ਸ਼ਹੀਦ ਪਰਿਵਾਰ ਨੂੰ 10 ਲੱਖ ਰੁਪਏ ਮੁਆਵਜ਼ਾ, ਇਕ ਪਰਿਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ, ਹਰ ਤਰ੍ਹਾਂ ਦੇ ਸਰਕਾਰੀ ਕਰਜ਼ੇ ਖਤਮ ਕੀਤੇ ਜਾਣ ਅਤੇ ਪੁਲਸੀਆ ਲਾਠੀਚਾਰਜ ਦੌਰਾਨ ਗੰਭੀਰ ਜ਼ਖਮੀ ਹੋਏ ਕਿਸਾਨਾਂ ਨੂੰ 2 ਲੱਖ ਅਤੇ ਘੱਟ ਜ਼ਖਮੀ ਲੋਕਾਂ ਨੂੰ 1 ਲੱਖ ਦੇ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਸਭ ਜਥੇਬੰਦੀਆਂ ਦੇ ਫੜੇ ਗਏ ਆਗੂ ਅਤੇ ਜਿਨ੍ਹਾਂ 'ਤੇ ਧਾਰਾ 307 ਅਧੀਨ ਨਾਜਾਇਜ਼ ਪਰਚੇ ਪਾਏ ਗਏ ਹਨ ਉਨ੍ਹਾਂ ਨੂੰ ਤੁਰੰਤ ਬਿਨਾਂ ਜ਼ਮਾਨਤ ਰਿਹਾਅ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਉੱਤਰ ਭਾਰਤ ਦੇ ਹੜ੍ਹ ਪੀੜਤ ਸਟੇਟਾਂ ਲਈ 50 ਹਜ਼ਾਰ ਕਰੋੜ ਦੀ ਰਾਹਤ ਰਾਸ਼ੀ, ਐੱਮ. ਐੱਸ. ਪੀ. ਗਰੰਟੀ ਕਨੂੰਨ, ਮਨਰੇਗਾ ਤਹਿਤ ਪ੍ਰਤੀ ਸਾਲ 200 ਦਿਨ ਦਾ ਰੁਜ਼ਗਾਰ ਅਤੇ ਦਿੱਲੀ ਮੋਰਚੇ ਦੌਰਾਨ ਪਾਏ ਪੁਲਸ ਕੇਸ ਰੱਦ ਕੀਤੇ ਜਾਣ। ਉਨ੍ਹਾਂ ਕਿਹਾ ਕਿ ਅਗਰ ਸਭ ਫੜੇ ਗਏ ਆਗੂ ਨਹੀਂ ਛੱਡੇ ਜਾਂਦੇ ਤਾਂ ਐਕਸ਼ਨਾਂ ਨੂੰ ਹੋਰ ਤਿੱਖਾ ਕੀਤਾ

ਸਹਿਕਾਰੀ ਖੰਡ ਮਿੱਲ ਗੁਰਦਾਸਪੁਰ ਵਿਖੇ ਗੰਨੇ ਦੀ ਬਿਜਾਈ/ਵਿਕਾਸ ਸਬੰਧੀ ਸੈਮੀਨਾਰ

ਗੁਰਦਾਸਪੁਰ, (ਜਨਕ ਮਹਾਜਨ)-ਅਰਵਿੰਦਪਾਲ ਸਿੰਘ ਸੰਧੂ ਪ੍ਰਬੰਧ ਨਿਰਦੇਸ਼ਕ ਸ਼ੂਗਰਫੈਡ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਹਿਕਾਰੀ ਖੰਡ ਮਿੱਲ ਗੁਰਦਾਸਪੁਰ ਵਿੱਚ ਪੱਤਝੜ-2023 ਗੰਨੇ ਦੀ ਬਿਜਾਈ ਅਤੇ ਗੰਨੇ ਦੇ ਵਿਕਾਸ ਸਬੰਧੀ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਡਾ. ਗੁਲਜ਼ਾਰ ਸਿੰਘ ਸੰਘੇੜਾ, ਡਾਇਰੈਕਟਰ ਰਿਜਨਲ ਰਿਸਰਚ ਸਟੇਸ਼ਨ ਕਪੂਰਥਲਾ, ਰਜਿੰਦਰ ਕੁਮਾਰ, ਡਾ. ਵਿਕਰਾਂਤ, ਡਾ. ਹਰਪ੍ਰੀਤ ਸਿੰਘ, ਡਾ. ਅਮਰੀਕ ਸਿੰਘ, ਜ਼ਿਲ੍ਹਾ ਸਿਖਲਾਈ ਅਫ਼ਸਰ, ਡਾ. ਅਮਰਜੀਤ ਸਿੰਘ, ਸਹਾਇਕ ਗੰਨਾ ਵਿਕਾਸ ਅਫ਼ਸਰ ਗੁਰਦਾਸਪੁਰ ਅਤੇ ਅਰਵਿੰਦਰਪਾਲ ਸਿੰਘ ਕੈਰੋਂ, ਜਨਰਲ ਮੈਨੇਜਰ ਸਹਿਕਾਰੀ ਖੰਡ ਮਿੱਲ ਬਟਾਲਾ ਵੱਲੋਂ ਪੱਤਝੜ-2023 ਗੰਨੇ ਦੀ ਬਿਜਾਈ, ਗੰਨੇ ਦੇ ਵਿਕਾਸ, ਕੀੜੇ-ਮਕੋੜਿਆਂ ਅਤੇ ਬਿਮਾਰੀਆਂ ਦੇ ਰੋਕਥਾਮ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਜ਼ਿੰਮੀਦਾਰਾਂ ਨੂੰ ਦਿੱਤੀ ਗਈ। ਇਸ ਮੌਕੇ ਮਿੱਲ ਦੇ ਜਨਰਲ ਮੈਨੇਜਰ ਸਰਬਜੀਤ ਸਿੰਘ ਹੁੰਦਲ ਵੱਲੋਂ ਦੱਸਿਆ ਗਿਆ ਕਿ ਮਿੱਲ ਦੇ ਰਿਜ਼ਰਵ ਏਰੀਏ ਵਿੱਚ ਗੰਨੇ ਦੀ ਪੈਦਾਵਾਰ ਲਗਭਗ 80-90 ਲੱਖ ਕੁਵਿੰਟਲ ਹੁੰਦੀ ਹੈ ਪ੍ਰੰਤੂ ਮਿੱਲ ਦੀ ਕਪੈਸਟੀ ਘੱਟ ਹੋਣ ਕਰਕੇ ਗੰਨਾ ਕਾਸ਼ਤਕਾਰਾਂ ਨੂੰ ਆਪਣਾ ਗੰਨਾ ਬਾਹਰਲੀਆਂ ਖੰਡ ਮਿੱਲਾਂ ਨੂੰ ਸਪਲਾਈ ਕਰਨਾ ਪੈਂਦਾ ਹੈ, ਜਨਰਲ ਮੈਨੇਜਰ ਵੱਲੋਂ ਕਿਸਾਨਾਂ ਨੂੰ ਬੇਨਤੀ ਕੀਤੀ ਗਈ ਕਿ ਕਿਸਾਨ ਪੀਏਯੂ ਵੱਲੋਂ ਪ੍ਰਮਾਣਿਤ ਵੱਧ ਰਿਕਵਰੀ ਅਤੇ ਵੱਧ ਝਾੜ ਦੇਣ ਵਾਲੀਆਂ ਅਗੇਤੀ ਕਿਸਮਾਂ ਦੀ ਬਿਜਾਈ ਕਰਨ ਤਾਂ ਜੋ ਮਿੱਲ ਵੱਧ ਰਿਕਵਰੀ ਪ੍ਰਾਪਤ ਕਰਕੇ ਆਪਣੇ ਪੱਧਰ ਤੇ ਗੰਨੇ ਦੀ ਪੇਮੈਂਟ ਕਰਨ ਵਿੱਚ ਸਮਰੱਥ ਹੋ ਸਕੇ ਅਤੇ ਅੰਤ ਵਿੱਚ ਜਨਰਲ ਮੈਨੇਜਰ ਵੱਲੋਂ ਆਏ ਹੋਏ ਡਾਕਟਰ ਸਾਹਿਬਾਨ ਅਤੇ ਗੰਨਾ ਕਾਸ਼ਤਕਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਬੋਰਡ ਆਫ ਡਾਇਰੈਕਟਰ ਕੰਵਰਪ੍ਰਤਾਪ ਸਿੰਘ, ਮਿੱਲ ਦੇ ਅਧਿਕਾਰੀ ਸੰਦੀਪ ਸਿੰਘ, ਇੰਜਨੀਅਰ-ਕਮ-ਪ੍ਰੋਜ਼ ਅਫਸਰ, ਰਾਜ ਕਮਲ ਮੁੱਖ ਗੰਨਾ ਵਿਕਾਸ ਅਫਸਰ, ਅਰਵਿੰਦਰ ਸਿੰਘ, ਅਕਾਊਂਟਸ ਅਫਸਰ, ਚਰਨਜੀਤ ਸਿੰਘ ਸੁਪਰਡੈਂਟ ਅਤੇ ਸਮੂਹ ਫੀਲਡ ਸਟਾਫ ਵੀ ਹਾਜ਼ਰ ਸਨ।

ਜਮਹੂਰੀ ਕਿਸਾਨ ਸਭਾ ਪੰਜਾਬ ਵੱਲੋਂ ਤੁਰੰਤ ਮੁਆਵਜ਼ੇ ਦੀ ਮੰਗ

ਪਠਾਨਕੋਟ (ਦਵਿੰਦਰ ਸਿੰਘ)-ਹੜ੍ਹਾਂ ਅਤੇ ਭਾਰੀ ਬਾਰਿਸ਼ਾਂ ਕਾਰਨ ਪੰਜਾਬ ਦੇ ਕਿਸਾਨਾਂ ਅਤੇ ਗਰੀਬ ਲੋਕਾਂ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਹੈ। ਇਸ ਨੁਕਸਾਨ ਦੀਆਂ ਜ਼ੁੰਮੇਵਾਰ ਕੇਂਦਰ ਅਤੇ ਪੰਜਾਬ ਸਰਕਾਰਾਂ ਹਨ ਕਿਉਂਕਿ ਇਨ੍ਹਾਂ ਦੀਆਂ ਨੀਤੀਆਂ ਕਾਰਨ ਹੀ ਭਾਰੀ ਨੁਕਸਾਨ ਹੋਇਆ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਜਮਹੂਰੀ ਕਿਸਾਨ ਸਭਾ ਪੰਜਾਬ ਜ਼ਿਲ੍ਹਾ ਪਠਾਨਕੋਟ ਦੇ ਜਨਰਲ ਸਕੱਤਰ ਬਲਵੰਤ ਸਿੰਘ ਘੋਹ ਨੇ ਕੀਤਾ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਹੋਏ ਨੁਕਸਾਨ ਦੀ ਭਰਪਾਈ ਦੀ ਮੰਗ ਕਰ ਰਹੀਆਂ ਹਨ ਪਰ ਪੰਜਾਬ ਸਰਕਾਰ ਦਾ ਲੋਕ ਵਿਰੋਧੀ ਚਿਹਰਾ ਸਾਹਮਣੇ ਆ ਗਿਆ ਹੈ। ਕਿਸਾਨ ਆਗੂਆਂ ਨੂੰ ਗ੍ਰਿਫਤਾਰ ਕਰਕੇ ਹਿਰਾਸਤ ਵਿੱਚ ਰੱਖਿਆ ਜਾ ਰਿਹਾ ਹੈ।

ਮੁਆਵਜ਼ੇ ਦੀ ਮੰਗ ਕਰ ਰਹੇ ਕਿਸਾਨਾਂ 'ਤੇ ਅੰਨ੍ਹਾ ਲਾਠੀਚਾਰਜ ਕਰਕੇ ਜ਼ੁਲਮ ਕੀਤਾ ਗਿਆ ਹੈ। ਜਮਹੂਰੀ ਕਿਸਾਨ ਸਭਾ ਪੰਜਾਬ ਜ਼ਿਲ੍ਹਾ ਪਠਾਨਕੋਟ ਸਰਕਾਰ ਦੀ ਇਸ ਲੋਕ ਵਿਰੋਧ, ਕਿਸਾਨ ਵਿਰੋਧੀ ਕਾਰਵਾਈ ਦੀ ਨਿਖੇਧੀ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਸਰਕਾਰਾਂ ਕਿਸਾਨਾਂ ਤੇ ਮਜ਼ਦੂਰਾਂ ਦੇ ਨੁਕਸਾਨ ਦਾ ਮੁਆਵਜ਼ਾ ਤੁਰੰਤ ਅਦਾ ਕਰੇ।

ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਨੇ ਰਾਸ਼ਟਰੀ ਬਾਲ ਪੁਰਸਕਾਰ ਲਈ ਮੰਗੇ ਨਾਂਅ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)—ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਭਾਰਤ ਸਰਕਾਰ ਪ੍ਰਧਾਨ ਮੰਤਰੀ ਵੱਲੋਂ ਪ੍ਰਧਾਨ ਮੰਤਰੀ ਵਲੋਂ ਰਾਸ਼ਟਰੀ ਬਾਲ ਪੁਰਸਕਾਰ ਹਰ ਸਾਲ ਉਨ੍ਹਾਂ ਬੱਚਿਆਂ ਨੂੰ ਦਿੱਤਾ ਜਾਦਾ ਹੈ ਜਿਨ੍ਹਾਂ ਬੱਚਿਆਂ ਨੇ ਅਸਾਧਾਰਨ ਬਹਾਦਰੀ ਦਾ ਕੰਮ ਕੀਤਾ ਹੋਵੇ, ਸਪੈਸ਼ਲ ਬੱਚੇ ਜਿਨ੍ਹਾਂ ਵਿੱਚ ਅਸਾਧਾਰਨ ਯੋਗਤਾਵਾਂ ਨਾਲ ਵਿਸ਼ੇਸ਼ ਅਸਾਧਾਰਨ ਉਪਲੱਬਧੀਆਂ ਹਾਸਲ ਕੀਤੀਆਂ ਹੋਣ। ਉਹ ਬੱਚੇ ਜਿਨ੍ਹਾਂ ਨੇ ਖੇਡਾਂ, ਸਮਾਜ ਸੇਵਾ, ਵਿਗਿਆਨ ਅਤੇ ਤਕਨਾਲੋਜੀ, ਵਾਤਾਵਰਣ, ਕਲਾ ਅਤੇ ਸੱਭਿਆਚਾਰ ਅਤੇ ਨਵੀਨਤਾ ਦੇ ਖੇਤਰਾਂ ਵਿੱਚ ਜੋ ਕਿ ਰਾਸ਼ਟਰੀ ਪੱਧਰ 'ਤੇ ਮਾਨਤਾ ਦੇ ਹੱਕਦਾਰ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਮਿਤ ਤਲਵਾੜ ਨੇ ਦੱਸਿਆ ਕਿ ਜੋ ਬੱਚੇ ਭਾਰਤ ਦੇ ਨਾਗਰਿਕ ਹਨ ਅਤੇ ਅਰਜ਼ੀ ਦੇਣ ਦੀ ਅੰਤਿਮ ਮਿਤੀ ਤੱਕ 18 ਸਾਲ ਤੋਂ ਘੱਟ ਉਮਰ ਦੇ ਹਨ ਅਤੇ ਮੰਗੀ ਗਈ ਯੋਗਤਾ ਵਾਲੇ ਬੱਚੇ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਦੀ ਵੈਬਸਾਈਟ ://.. ਤੇ ਆਪਣਾ ਰਜਿਸਟਰੇਸ਼ਨ ਕਰ ਸਕਦੇ ਹਨ। ਵੈੱਬਸਾਈਟ ਤੇ ਰਜਿਸਟਰੇਸ਼ਨ ਦੀ ਅੰਤਿਮ ਮਿਤੀ 31-08-2023 ਤੱਕ ਹੈ। ਇਹ ਅਵਾਰਡ ਇੱਕ ਮੈਡਲ ਹੁੰਦਾ ਹੈ, ਜੋ ਕਿ ਪ੍ਰਧਾਨ ਮੰਤਰੀ ਵੱਲੋਂ

23-Aug-PAGE- 12 qxd.qxd 8/22/2023 10:37 PM Page 1

ਕੌਂਸਲਰਾਂ ਤੇ ਇਲਾਕਾ ਨਿਵਾਸੀਆਂ ਵੱਲੋਂ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)-ਕਾਂਗਰਸ ਅਤੇ ਅਕਾਲੀ ਦਲ ਦੇ ਕੌਂਸਲਰਾਂ ਅਤੇ ਇਲਾਕਾ ਨਿਵਾਸੀਆਂ ਨੇ ਦੂਜੇ ਦਿਨ ਵੀ ਨਗਰ ਕੌਂਸਲ ਦਫਤਰ ਅੱਗੇ ਧਰਨਾ ਦਿੱਤਾ ਅਤੇ ਵੱਖ-ਵੱਖ ਵਾਰਡਾਂ ਦੇ ਵਿਕਾਸ ਕਾਰਜਾਂ 'ਚ ਰੁਕਾਵਟ ਪਾਉਣ ਦਾ ਦੋਸ਼ ਲਾਇਆ। ਇਸ ਵਿਰੋਧ 'ਚ ਨਗਰ ਕੌਂਸਲ ਪ੍ਰਧਾਨ ਗੁਰਸੇਵਕ ਮਾਰਸ਼ਲ, ਕੌਂਸਲਰ ਰਾਜੇਸ਼ ਲਾਡੀ, ਮੰਜੂ ਖੰਨਾ, ਕ੍ਰਿਸ਼ਨਾ ਬਿੱਟੂ, ਜਸਵੰਤ ਕੌਰ ਮੁਲਤਾਨੀ, ਆਸ਼ੂ ਵੈਦ, ਨਰਿੰਦਰ ਕੌਰ, ਕੁਲਜੀਤ ਕੌਰ ਬਿੱਟੂ, ਗੁਰਪ੍ਰੀਤ ਸਚਦੇਵਾ, ਕ੍ਰਿਸ਼ਨਾ ਕੁਮਾਰੀ ਨੇ ਦੋਸ਼ ਲਾਇਆ ਕਿ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਅਤੇ ਉਨ੍ਹਾਂ ਦੀ ਟੀਮ ਦੇ ਕੌਂਸਲਰ ਸਾਡੇ ਵਾਰਡਾਂ 'ਚ ਕੀਤੇ ਗਏ ਕੰਮਾਂ 'ਚ ਰੁਕਾਵਟ ਪਾ ਰਹੇ ਹਨ ਅਤੇ ਉਨ੍ਹਾਂ ਨੂੰ ਪਾਰਟੀ 'ਚ ਸ਼ਾਮਲ ਹੋਣ ਲਈ ਪ੍ਰੇਸ਼ਾਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਰਕਾਰ ਪਿਛਲੇ ਦੋ ਸਾਲਾਂ ਤੋਂ ਕਮੇਟੀ ਲਈ ਇੱਕ ਪੈਸਾ ਵੀ ਨਹੀਂ ਲੈ ਕੇ ਆਈ। ਇਸ ਦੇ ਉਲਟ ਕਮੇਟੀ ਦੇ ਫੰਡਾਂ ਨਾਲ ਵੱਖ-ਵੱਖ ਵਾਰਡਾਂ ਦੇ ਵਿਕਾਸ ਕਾਰਜਾਂ 'ਚ ਰੁਕਾਵਟ ਆ ਰਹੀ ਹੈ। ਇਸ ਦੇ ਬਾਵਜੂਦ ਅਧਿਕਾਰੀ ਸਰਕਾਰ ਦੇ ਇਸ਼ਾਰੇ 'ਤੇ ਕੰਮ ਸ਼ੁਰੂ ਨਹੀਂ ਹੋਣ ਦੇ ਰਹੇ ਹਨ। ਇਸ ਦੌਰਾਨ ਸਾਬਕਾ ਕੈਬਿਨਟ ਮੰਤਰੀ ਸੰਗਤ ਸਿੰਘ ਗਿਲਜੀਆਂ ਅਤੇ ਬਸਪਾ-ਅਕਾਲੀ ਗੱਠਜੋੜ ਦੇ ਸੀਨੀਅਰ ਆਗੂ ਲਖਵਿੰਦਰ ਸਿੰਘ ਲੱਖੀ ਨੇ ਕਿਹਾ ਕਿ ਸਰਕਾਰ ਵੱਲੋਂ ਕਮੇਟੀ ਲਈ ਫੰਡ ਨਹੀਂ ਲਿਆਂਦੇ ਜਾ ਰਹੇ, ਇਸ ਦੇ ਉਲਟ ਕਮੇਟੀ ਫੰਡਾਂ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ 'ਚ ਰੁਕਾਵਟ ਪਾਉਣਾ ਬਹੁਤ ਗਲਤ ਹੈ। ਪ੍ਰਧਾਨ ਨੇ ਕਿਹਾ ਕਿ ਕਾਰਜਕਾਰੀ ਅਧਿਕਾਰੀ ਸਮੇਤ ਨਗਰ ਕੌਂਸਲ ਦਾ ਪੂਰਾ ਪ੍ਰਸ਼ਾਸਨ ਸਿਆਸੀ ਦਬਾਅ ਹੇਠ ਹੈ ਅਤੇ ਵਿਕਾਸ ਕਾਰਜ ਬਿਨਾਂ ਕਿਸੇ ਕਾਰਨ ਰੋਕ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਜੇਕਰ ਨਗਰ ਕੌਂਸਲ ਟਾਂਡਾ ਦੇ ਵਿਕਾਸ ਕਾਰਜ ਜਲਦੀ ਸ਼ੁਰੂ ਨਾ ਕੀਤੇ ਗਏ ਤਾਂ ਦੋਵੇਂ ਪਾਰਟੀਆਂ ਸੂਬਾ ਪੱਧਰ 'ਤੇ ਸੰਘਰਸ਼ ਕਰਨਗੀਆਂ। ਇਸ ਮੌਕੇ ਲਖਵਿੰਦਰ ਸਿੰਘ ਮੁਲਤਾਨੀ, ਰਕੇਸ਼ ਕੁਮਾਰ ਬਿੱਟੂ, ਡਾ. ਬਲਦੇਵ ਰਾਜ, ਜੋਗਿੰਦਰ ਸਿੰਘ ਗਿੱਲਜੀਆ, ਜੀਵਨ ਕੁਮਾਰ ਬਬਲੀ, ਸੋਨੂੰ ਖੰਨਾ, ਦਵਿੰਦਰ ਬਿੱਲੂ, ਪੰਕਜ ਸਚਦੇਵਾ, ਮਾਸਟਰ ਮਲਕੀਤ ਸਿੰਘ, ਲਾਂਭਾ ਜਹੂਰਾ, ਰਣਜੀਤ ਸਿੰਘ, ਵਿਪਨ ਮਰਵਾਹਾ, ਰੂਪ ਲਾਲ, ਪਰਵਿੰਦਰ ਸਿੰਘ, ਜਸਵਿੰਦਰ ਕਾਕਾ, ਕ੍ਰਿਸਨ ਲਾਲ ਵੇਦ, ਗੁਰਮੁਖ ਸਿੰਘ, ਕੁਲਵਿੰਦਰ ਸਿੰਘ, ਨਿਸ਼ਾਨ ਸਿੰਘ, ਹੈਪੀ, ਨੰਦ ਲਾਲ, ਪਰਮਜੀਤ ਸਿੰਘ, ਸੂਬੇਦਾਰ ਬਲਦੇਵ ਸਿੰਘ, ਮੁਕੇਸ਼, ਅਮਰੀਕ ਸਿੰਘ, ਸੁਰਿੰਦਰ ਸਿੰਘ, ਮੀਨਾ ਕੁਮਾਰੀ, ਅੰਕੁਸ਼, ਟੋਨੀ ਆਦਿ ਹਾਜ਼ਰ ਸਨ।

ਹੜ੍ਹ ਪ੍ਰਭਾਵਤ ਪਿੰਡਾਂ 'ਚ ਪੀਣ ਵਾਲੇ ਪਾਣੀ ਦੀ ਕੀਤੀ ਜਾਂਚ

ਕਾਲਾ ਸੰਘਿਆਂ (ਮਨਜੀਤ ਮਾਨ) ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਪੰਜਾਬ ਦੇ ਸਾਰੇ ਪਿੰਡਾਂ ਨੂੰ ਪੀਣ ਵਾਲੇ ਸ਼ੁੱਧ ਪਾਣੀ ਦੀ ਸਪਲਾਈ ਕੀਤੀ ਜਾਂਦੀ ਹੈ। ਬ੍ਰਹਮ ਸ਼ੰਕਰ ਜਿੰਪਾ ਕੈਬਿਨਟ ਮੰਤਰੀ ਪੰਜਾਬ ਦੀ ਯੋਗ ਅਗਵਾਈ ਹੇਠ ਵਿਭਾਗ ਲੋਕਾਂ ਨੂੰ ਪੀਣ ਵਾਲੇ ਪਾਣੀ ਸਬੰਧੀ ਨਿਰੰਤਰ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਸ ਦੀ ਗੁਣਵੱਤਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ, ਜਿਸ ਵਾਸਤੇ ਸਾਰੇ ਪੰਜਾਬ ਅੰਦਰ ਜ਼ਿਲ੍ਹਾ ਪੱਧਰ 'ਤੇ ਪਾਣੀ ਦੀ ਜਾਂਚ ਲਈ ਲੈਬਾਂ ਦੀ ਉਸਾਰੀ ਕੀਤੀ ਗਈ ਹੈ। ਜਿਥੇ ਜਲ ਸਰੋਤਾਂ ਤੋਂ ਪਾਣੀ ਦੇ ਸੈਂਪਲ ਲੈ ਕੇ ਨਿਰੰਤਰ ਜਾਂਚ ਕੀਤੀ ਜਾਂਦੀ ਹੈ। ਜਲ ਸਪਲਾਈ ਅਤੇ ਸੈਨੀਟੇਸਨ ਵਿਭਾਗ, ਮੰਡਲ ਨੰਬਰ 3 ਜਲੰਧਰ ਦੇ ਕਾਰਜਕਾਰੀ ਇੰਜੀਨੀਅਰ ਨਿਤਿਨ ਕਾਲੀਆ ਨੇ ਦੱਸਿਆ ਕਿ ਬਰਸਾਤੀ ਮੌਸਮ ਵਿਚ ਪੀਣ ਵਾਲੇ ਪਾਣੀ ਦੀ ਗੁਣਵੱਤਾ ਵਧਾਉਣ ਵਾਸਤੇ ਕਲੋਰੀਨੇਸ਼ਨ ਦਾ ਖਾਸ ਧਿਆਨ ਰੱਖਿਆ ਜਾਂਦਾ ਹੈ। ਪਿਛਲੇ ਦਿਨੀਂ ਵੱਧ ਮੀਂਹ ਪੈਣ ਕਾਰਨ ਅਤੇ ਡੈਮ ਤੋਂ ਛੱਡੇ ਪਾਣੀ ਨਾਲ ਸਤਲੁਜ ਦਰਿਆ ਦੇ ਬੰਨ੍ਹ ਟੁੱਟਣ ਕਾਰਨ ਲੋਹੀਆਂ ਖਾਸ ਏਰੀਏ ਦੇ ਪਿੰਡ ਹੜ੍ਹ ਨਾਲ ਪ੍ਰਭਾਵਿਤ ਹੋ ਗਏ ਹਨ। ਇਸ ਹੜ੍ਹ ਪ੍ਰਭਾਵਿਤ ਹੋਏ ਇਲਾਕੇ ਦੇ ਜਲ ਸਰੋਤਾਂ ਦੀ ਜਾਂਚ ਕਰਨ ਲਈ ਜੇਈ ਵਿਕਰਮ ਸਿੰਘ, ਅੰਕੁਸ਼ ਜੋਸ਼, ਅਮਨਦੀਪ ਸਿੰਘ ਮੁਹਾਲੀ ਵੱਲੋਂ ਮੋਬਾਇਲ ਵੈਨ ਭੇਜੀ ਗਈ, ਪਾਣੀ ਦੇ ਸਰੋਤਾਂ ਦਾ ਨਿਰੀਖਣ ਕਰਨ ਆਈ ਟੀਮ ਵੱਲੋਂ ਕੈਮਿਸਟਾਂ ਦੀ ਨਿਗਰਾਨੀ ਹੇਠ ਪਾਣੀ ਦੇ ਸੈਂਪਲ ਲੈ ਕੇ ਜਾਂਚ ਕੀਤੀ ਗਈ।

ਐੱਲ ਪੀ ਯੂ ਨੂੰ ਨੈਸ਼ਨਲ ਅਸੈਸਮੈਂਟ ਐਂਡ ਐਕਰੀਡੇਸ਼ਨ ਕੌਂਸਲ 'ਚ ਸਭ ਤੋਂ ਉੱਚਾ ਗ੍ਰੇਡ ਮਿਲਿਆ

ਜਲੰਧਰ (ਸ਼ੈਲੀ ਐਲਬਰਟ)-ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਨੂੰ ਰਾਸ਼ਟਰੀ ਮੁਲਾਂਕਣ ਅਤੇ ਮਾਨਤਾ ਪ੍ਰੀਸ਼ਦ (113) ਦੁਆਰਾ ਸਰਵਉੱਚ 1++ ਗ੍ਰੇਡ ਨਾਲ ਸਨਮਾਨਿਤ ਕੀਤਾ ਗਿਆ ਹੈ। 113 ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਅਧੀਨ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ ਜੀ ਸੀ) ਦੀ ਇੱਕ ਖੁਦਮੁਖਤਿਆਰ ਸੰਸਥਾ ਹੈ। 113 ਮਾਨਤਾ ਕਿਸੇ ਵੀ ਸੰਸਥਾ ਦੇ ਵੱਖ-ਵੱਖ ਪਹਿਲੂਆਂ ਦਾ ਮੁਲਾਂਕਣ ਕਰਦੀ ਹੈ। ਜਿਸ ਵਿੱਚ ਬੁਨਿਆਦੀ ਢਾਂਚਾ, ਪਲੇਸਮੈਂਟ, ਅਕਾਦਮਿਕ ਪਾਠਕ੍ਰਮ, ਫੈਕਲਟੀ ਗੁਣਵੱਤਾ, ਖੋਜ ਆਉਟਪੁੱਟ ਅਤੇ ਵਿਦਿਆਰਥੀ ਸਹਾਇਤਾ ਸੇਵਾਵਾਂ ਸ਼ਾਮਲ ਹਨ। ਐਲ ਪੀ ਯੂ ਨੇ 4-ਪੁਆਇੰਟ ਪੈਮਾਨੇ ਤੇ 3.68 ਦਾ ਸਕੋਰ ਪ੍ਰਾਪਤ ਕੀਤਾ ਹੈ, ਜੋ ਕਿ ਇਹਨਾਂ ਖੇਤਰਾਂ 'ਚ ਉੱਤਮਤਾ ਦੇ ਆਪਣੇ ਵਾਅਦੇ ਨੂੰ ਦਰਸਾਉਂਦਾ ਹੈ। ਇਸ ਤਰ੍ਹਾਂ, 3.68 ਦੇ ਸਕੋਰ ਨਾਲ 1++ ਗ੍ਰੇਡ ਪ੍ਰਾਪਤ ਕਰਕੇ, ਐਲ ਪੀ ਯੂ ਨੇ ਭਾਰਤ ਦੀਆਂ ਸਾਰੀਆਂ ਦੋਹਰੇ ਮੋਡ ਯੂਨੀਵਰਸਿਟੀਆਂ (ਦੋਵੇਂ ਸਰਕਾਰੀ ਅਤੇ ਰਾਜ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਪ੍ਰਾਈਵੇਟ ਯੂਨੀਵਰਸਿਟੀਆਂ) ਵਿੱਚੋਂ ਸਭ ਤੋਂ ਵੱਧ ਸਕੋਰ ਪ੍ਰਾਪਤ ਕੀਤਾ ਹੈ।ਇਹ ਭਾਰਤ ਦੀਆਂ ਸਾਰੀਆਂ ਜਨਤਕ ਅਤੇ ਨਿੱਜੀ ਯੂਨੀਵਰਸਿਟੀਆਂ ਵਿੱਚ ਮਾਨਤਾ ਦੇ ਪਹਿਲੇ ਚੱਕਰ ਵਿੱਚ ਸਭ ਤੋਂ ਉੱਚਾ ਸਕੋਰ ਵੀ ਹੈ। ਇਸ ਸੰਬੰਧੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਆਯੋਜਿਤ ਇਕ ਸ਼ਾਨਦਾਰ ਸਮਾਰੋਹ ਦੌਰਾਨ 113 ਵੱਲੋਂ ਸਭ ਤੋਂ ਉੱਚਾ 1++ ਗ੍ਰੇਡ ਪ੍ਰਾਪਤ ਕਰਨ ਦਾ ਐਲਾਨ ਬਹੁਤ ਹੀ ਖੁਸ਼ੀ ਅਤੇ ਉਤਸ਼ਾਹ ਨਾਲ ਕੀਤਾ ਗਿਆ। ਲਵਲੀ ਗਰੁੱਪ ਦੇ ਚੇਅਰਮੈਨ ਰਮੇਸ਼ ਮਿੱਤਲ ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਤੇ ਸੰਸਦ ਮੈਂਬਰ (ਰਾਜ ਸਭਾ) ਡਾ: ਅਸ਼ੋਕ ਕੁਮਾਰ ਮਿੱਤਲ, ਵਾਈਸ ਚੇਅਰਮੈਨ ਨਰੇਸ਼ ਮਿੱਤਲ ਐਲ.ਪੀ.ਯੂ ਦੀ ਪ੍ਰੋ-ਚਾਂਸਲਰ ਸ਼੍ਰੀਮਤੀ ਰਸ਼ਮੀ ਮਿੱਤਲ ਰੈਂਕਿੰਗ ਅਤੇ ਮਾਨਤਾ ਦੇ ਮੁਖੀ ਡਾ: ਮਨੀਸ਼ ਗੁਪਤਾ ਪ੍ਰੋ ਵਾਈਸ ਚਾਂਸਲਰਜ਼, ਕਾਰਜਕਾਰੀ ਡੀਨ ਅਤੇ ਹੋਰ ਉੱਚ ਅਧਿਕਾਰੀ ਸ਼ਾਮਲ ਸਨ।

ਸੀ ਨਵ ਦਰਗਾ ਸਸਾਇਟੀ ਨੇ ਲਗਾਇਆ ਲੰਗਰ

ਟਾਂਡਾ ਉੜਮੁੜ (ਜਸਵਿੰਦਰ ਸੰਧੂ ਉੰਕਾਰ ਸਿੰਘ)-ਸ਼ਿਵ ਸੈਨਾ ਪੰਜਾਬ ਦੇ ਉੱਤਰ ਭਾਰਤ ਪ੍ਰਧਾਨ ਤੇ ਸ੍ਰੀ ਨਵ ਦੁਰਗਾ ਚਿੰਤਪੁਰਨੀ ਲੰਗਰ ਸੇਵਾ ਸੋਸਾਇਟੀ ਟਾਂਡਾ ਦੇ ਸਰਪ੍ਰਸਤ ਮਿੱਕੀ ਪੰਡਿਤ ਅਤੇ ਸਮੂਹ ਸੋਸਾਇਟੀ ਮੈਂਬਰਾਂ ਤੋਂ ਇਲਾਵਾ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਹੁਸ਼ਿਆਰਪੁਰ ਚਿੰਤਪੁਰਨੀ ਦੇ ਰਸਤੇ 'ਚ ਪੈਂਦੇ ਚੌਹਾਲ ਨੇੜੇ ਮਾਤਾ ਦੇ ਦਰਸ਼ਨਾਂ ਨੂੰ ਪੈਦਲ ਜਾ ਰਹੇ ਸ਼ਰਧਾਲੂਆਂ ਦੇ ਅਰਾਮ ਕਰਨ ਅਤੇ ਖਾਣ-ਪੀਣ ਲਈ ਵੱਖ-ਵੱਖ ਤਰ੍ਹਾਂ ਦੇ ਪਕਵਾਨਾਂ ਦਾ ਲਗਾਇਆ ਗਿਆ ਚਾਰ ਰੋਜ਼ਾ ਲੰਗਰ ਬੀਤੀ ਸ਼ਾਮ ਪੂਰਨ ਆਹੂਤੀ ਅਤੇ ਕੰਜਕ ਪੂਜਨ ਉਪਰੰਤ ਸੰਪੰਨ ਹੋ ਨਿੱਬੜਿਆ। ਮਿੱਕੀ ਪੰਡਿਤ ਨੇ ਕਿਹਾ ਕਿ ਸਾਵਣ ਮਹੀਨੇ ਵਿਚ ਮਾਤਾ ਚਿੰਤਪੁਰਨੀ ਮੇਲੇ ਦੌਰਾਨ ਮਾਤਾ ਦੇ ਦਰਬਾਰ 'ਚ ਮੱਥਾ ਟੇਕ ਕੇ ਮਾਤਾ ਦਾ ਆਸ਼ੀਰਵਾਦ ਪ੍ਰਾਪਤ ਕਰਨ ਲਈ ਲੱਖਾਂ ਦੀ ਗਿਣਤੀ 'ਚ ਸ਼ਰਧਾਲੂ ਪੈਦਲ, ਮੋਟਰਸਾਈਕਲਾਂ, ਕਾਰਾਂ, ਬੱਸਾਂ ਅਤੇ ਟੈਂਪੂਆਂ ਰਾਹੀਂ ਜਾਂਦੇ ਹਨ। ਇਨ੍ਹਾਂ ਸ਼ਰਧਾਲੂਆਂ ਦੇ ਖਾਣ ਪੀਣ ਲਈ ਸਾਡੀ ਸੋਸਾਇਟੀ ਵੱਲੋਂ ਚੌਹਾਲ ਨੇੜੇ 18 ਤੋਂ ਵੱਖ-ਵੱਖ ਤਰ੍ਹਾਂ ਦੇ ਪਕਵਾਨਾਂ ਦਾ ਦਿਨ ਰਾਤ ਲੰਗਰ ਲਗਾਇਆ ਗਿਆ ਸੀ ਜੋ ਕਿ 21 ਅਗਸਤ ਦੇਰ ਰਾਤ ਤੱਕ ਚਲਦਾ ਰਿਹਾ। ਉਨ੍ਹਾਂ ਕਿਹਾ ਕਿ ਇਸ 4 ਰੋਜ਼ਾ ਲੰਗਰ ਦੌਰਾਨ ਰੋਜ਼ਾਨਾ ਰਾਤ ਨੂੰ ਮਹਾਂਮਾਈ ਭਗਵਤੀ ਦੀ ਚੌਕੀ ਕਰਵਾਈ ਜਾਂਦੀ ਸੀ। ਇਸ ਮੌਕੇ ਰਾਹੁਲ ਖੰਨਾ, ਸ਼ਿਵਮ ਵੈਦ, ਚੀਨੂੰ ਪੰਡਿਤ, ਵਿਕਾਸ ਜਸਰਾ, ਜਿੰਦਰ ਬਣਿਆਲ, ਹਰਜੀਤ ਸਿੰਘ, ਸੁਧਾਂਸ਼ੂ ਮਲਹੋਤਰਾ, ਯੋਵਨ, ਸ਼ੁਭਮ ਮਲਹੋਤਰਾ, ਵਿਵੇਕ ਵਿਜਨ, ਆਕਾਸ਼ ਰਾਣਾ, ਗਿੰਧਾ ਪਰੋਜ, ਗਗਨ ਪਰੋਜ, ਗਗਨ, ਸਾਬੀ, ਅਰੁਣ ਸੇਠੀ, ਹਰਦੀਪ, ਬਿਸ਼ਨ ਦੇਵ ਰਾਜ ਅਤੇ ਹੋਰ ਹਾਜ਼ਰ ਸਨ।

ਦੇਸ ਫੱਕਰ ਮਹਾਰਾਜ ਦਾ ਸਾਲਾਨਾ 12ਵਾਂ ਚਾਰ ਰੋਜ਼ਾ ਜੋੜ ਮੇਲਾ ਕਰਵਾਇਆ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਮੇਹਟੀਆਣਾ ਵਿਖੇ ਦਰਬਾਰ ਧੰਨ ਧੰਨ ਸ੍ਰੀ ਦੇਸੂ ਫੱਕਰ ਮਹਾਰਾਜ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆ ਅਤੇ ਇਲਾਕੇ ਦੇ ਸਹਿਯੋਗ ਨਾਲ ਸਾਲਾਨਾ ਚਾਰ ਜੋੜ ਮੇਲੇ ਮੌਕੇ ਸਾਲਾਨਾ 12ਵਾਂ ਜੋੜ ਮੇਲੇ ਸੰਬੰਧੀ ਗੱਦੀ ਨਸੀਨ ਸਾਈਂ ਕਮਲਜੀਤ ਕੁਮਾਰੀ ਮੇਹਟੀਆਣਾ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਮੁੱਖ ਪ੍ਰਬੰਧਕ ਡਾਕਟਰ ਮਹਿੰਦਰ ਪਾਲ ਮੇਹਟੀਆਣਾ ਨੇ ਦੱਸਿਆ ਕਿ ਸਾਲਾਨਾ ਜੋੜ ਮੇਲੇ ਮੌਕੇ ਝੰਡੇ ਅਤੇ ਚਾਦਰਾਂ ਦੀ ਰਸਮ ਅਦਾ ਕੀਤੀ ਗਈ। ਉਨ੍ਹਾਂ ਦੱਸਿਆ ਕਿ ਸਾਲਾਨਾ ਜੋੜ ਮੇਲੇ ਮੌਕੇ ਮਹਿੰਦੀ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਸਮੂਹ ਨਗਰ ਨਿਵਾਸੀਆਂ ਵੱਲੋਂ ਪੀਰਾਂ ਦੀ ਜਾਗੋ ਕੱਢੀ ਗਈ ਅਤੇ ਰਾਤ ਕੇ ਕੇ ਹੁਸ਼ਿਆਰਪੁਰੀ ਪੀਰਾਂ ਦੀ ਸੂਫੀ ਮਹਿਫਲ ਸਜਾਈ। ਜੋੜ ਮੇਲੇ ਮੌਕੇ ਮਾਸਟਰ ਗੁਰਸ਼ਾਨ, ਉਂਕਾਰ ਐਂਡ ਪਾਰਟੀ ਬੰਗਾ, ਕੁਲਵਿੰਦਰ ਕਿੰਦਾ ਫਗਵਾੜਾ ਪੀਰਾਂ ਦੀ ਸੂਫੀ ਮਹਿਫਲ ਸਜਾਈ ਗਈ। ਇਸ ਮੌਕੇ ਰਮਨ ਪਾਲੀ ਵੱਲੋਂ ਸਾਲਾਨਾ ਜੋੜ ਮੇਲੇ 'ਚ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਮੇਲੇ ਮੌਕੇ ਸਾਈਂ ਮਦਨ ਸ਼ਾਹ ਮੇਹਟੀਆਣਾ, ਸਾਈਂ ਸ਼ਿੰਦੀ ਸ਼ਾਹ ਕੰਦੋਲਾ, ਸਾਈ ਜਸਵੰਤ ਸਿੰਘ ਜੱਸਾ ਖੰਨੌੜਾ, ਸਾਈਂ ਬੂਟੀ ਸ਼ਾਹ ਖੰਨੌੜਾ, ਸਾਈਂ ਬਿੱਟੂ ਸ਼ਾਹ ਮੇਹਟੀਆਣਾ, ਸਾਈਂ ਜੀਤੀ ਸ਼ਾਹ ਪੱਟੀ, ਬਾਬਾ ਰਾਜਾ ਮੀਆਂ ਫੁਗਲਾਣਾ, ਸਾਈਂ ਰਵਿੰਦਰ ਸਿੰਘ ਹੈਪੀ ਪਧਿਆਣਾ, ਬਾਬਾ ਅਮਰਜੀਤ ਸਿੰਘ ਪਧਿਆਣਾ, ਬਾਬਾ ਮੁਲਖ ਰਾਜ ਕੰਦੋਲਾ, ਸਾਈਂ ਸੁਰਿੰਦਰ ਪਾਲ ਡਵਿੱਡਾ ਅਹਿਰਾਣਾ, ਬੀਬੀ ਬਲਵਿੰਦਰ ਕੌਰ ਆਦਿ ਫੱਕਰ ਫਕੀਰ ਹਾਜ਼ਰ ਸਨ। ਇਸ ਮੌਕੇ ਡਾਕਟਰ ਮਹਿੰਦਰ ਪਾਲ ਬੱਧਣ, ਅਨਮੋਲ ਬੱਧਣ, ਗੁਰਕਿਰਪਾਲ ਬੱਧਣ, ਮੋਤਾ ਸਿੰਘ ਮਸਤਾਨਾ ਮੇਹਟੀਆਣਾ, ਹੈਪੀ ਮੇਹਟੀਆਣਾ, ਮਹਿੰਦਰ ਪਾਲ ਸਾਬਕਾ ਸਰਪੰਚ ਖੰਨੌੜਾ, ਯੋਗਰਾਜ ਖੱਤਣ, ਜਗਤਾਰ ਸਿੰਘ ਜੱਗੀ, ਜੋਗਿੰਦਰ ਸਿੰਘ ਫੌਜੀ, ਸੋਢੀ ਚੰਬਰ ਮੇਹਟੀਆਣਾ, ਸਾਬੀ ਢੋਲੀ, ਜਸਕਰਨ ਬੱਧਣ, ਰਵਿੰਦਰ ਕੁਮਾਰ, ਚੌਧਰੀ ਕਰਮ ਚੰਦ, ਧਰਮਿੰਦਰ ਸਿੰਘ ਬੱਬੂ, ਜਰਨੈਲ ਸਿੰਘ ਬੱਧਣ, ਬਲਵਿੰਦਰ ਸਿੰਘ ਲੱਡੂ, ਨੰਬਰਦਾਰ ਗੁਰਮੀਤ ਰਾਏ, ਮਨਜੀਤ ਸਿੰਘ ਰਾਜੂ ਤੋਂ ਇਲਾਵਾ ਵੱਡੀ ਗਿਣਤੀ ਫੱਕਰ ਸੰਗਤਾਂ ਹਾਜ਼ਰ ਸਨ।

ਸਪੈਸ਼ਲ ਬੱਚਿਆਂ ਦੀ ਸੇਵਾ ਹੀ ਮਾਨਵਤਾ ਦੀ ਸੱਚੀ ਸੇਵਾ : ਸਚਦੇਵਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਜੇ.ਐਸ.ਐਸ.ਆਸ਼ਾ ਕਿਰਨ ਸਪੈਸ਼ਲ 'ਚ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਸਲਾਹਕਾਰ ਅਤੇ ਸਮਾਜ ਸੇਵੀ ਪਰਮਜੀਤ ਸਚਦੇਵਾ ਨੇ ਸਪੈਸ਼ਲ ਬੱਚਿਆਂ ਦੇ ਨਾਲ ਆਪਣਾ ਜਨਮ ਦਿਨ ਮਨਾਇਆ। ਸਚਦੇਵਾ ਨੇ ਸਪੈਸ਼ਲ ਬੱਚਿਆਂ ਦੇ ਨਾਲ ਕੇਕ ਕੱਟਿਆ ਅਤੇ ਸਪੈਸ਼ਲ ਬੱਚਿਆਂ, ਸਟਾਫ, ਡਿਪਲੋਮਾ ਵਿਦਿਆਰਥੀ ਅਤੇ ਸੁਸਾਇਟੀ ਦੇ ਮੈਂਬਰਾਂ ਲਈ ਲੰਗਰ ਦੀ ਵਿਵਸਥਾ ਕੀਤੀ। ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਤਰਨਜੀਤ ਸਿੰਘ ਸੀ.ਏ. ਨੇ ਸਚਦੇਵਾ ਨੂੰ ਜਨਮ ਦਿਨ ਦੀਆਂ ਸ਼ੁੱਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਸਚਦੇਵਾ ਪਰਵਾਰ ਆਪਣੀਆਂ ਸਾਰੀਆਂ ਖੁਸ਼ੀਆਂ, ਜਨਮ ਦਿਵਸ, ਵਿਆਹ ਦੀ ਵਰ੍ਹੇਗੰਢ ਆਦਿ ਸਪੈਸ਼ਲ ਬੱਚਿਆਂ ਨਾਲ ਮਨਾਉਂਦੇ ਹਨ। ਸਪੈਸ਼ਲ ਬੱਚਿਆਂ ਨੇ ਪਰਵਾਰ ਦੇ ਮੈਂਬਰਾਂ ਦੇ ਨਾਲ ਡਾਂਸ ਕੀਤਾ। ਸਚਦੇਵਾ ਦਾ ਮੰਨਣਾ ਹੈ ਕਿ ਸਪੈਸ਼ਲ ਬੱਚਿਆਂ ਦੀ ਸੇਵਾ ਹੀ ਮਾਨਵਤਾ ਦੀ ਸੱਚੀ ਸੇਵਾ ਹੈ। ਇਸ ਮੌਕੇ ਡਿੰਪੀ